ਸੋਮਵਾਰ, 24 ਫਰਵਰੀ, 2025
13 ਫੱਗਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 265

ਰੋਜ਼ਾਨਾ
ਨਵਾਂ ਜ਼ਮਾਨਾ

DAILY NAWAN ZAMANA • MONDAY, 24 FEBRUARY, 2025 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਅਕਾਲ ਤਖਤ ਦੇ ਜਥੇਦਾਰ ਵੱਲੋਂ ਆਦੇਸ਼ ਇੰਨ-ਬਿੰਨ ਲਾਗੂ ਕਰਾਉਣ ਦਾ ਭਰੋਸਾ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸੰਬੰਧੀ ਸ੍ਰੀ ਅਕਾਲ ਤਖਤ ਵੱਲੋਂ ਬਣਾਈ ਗਈ ਸੱਤ ਮੈਂਬਰੀ ਕਮੇਟੀ ਦੇ ਪੰਜ ਮੈਂਬਰਾਂ ਨੇ ਐਤਵਾਰ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਹੁਣ ਤੱਕ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਪਹਿਲਾਂ ਕਮੇਟੀ ਦੇ ਪੰਜ ਮੈਂਬਰਾਂ ਵੱਲੋਂ ਕਮੇਟੀ ਦੀ ਕਾਰਗੁਜ਼ਾਰੀ ਸੰਬੰਧੀ ਲਿਖਤੀ ਰਿਪੋਰਟ ਅਕਾਲ ਤਖਤ ਸਕੱਤਰੇਤ ਵਿਖੇ ਸੌਂਪੀ ਗਈ ਸੀ। ਕਮੇਟੀ ਮੈਂਬਰ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਅਤੇ ਇਕਬਾਲ ਸਿੰਘ ਝੂੰਦਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਉਨ੍ਹਾ ਦੇ ਗ੍ਰਹਿ ਵਿਖੇ ਮਿਲੇ। ਇੱਕ ਘੰਟੇ ਦੇ ਕਰੀਬ ਚੱਲੀ ਬੈਠਕ ਦੌਰਾਨ ਕਮੇਟੀ ਮੈਂਬਰਾਂ ਨੇ ਜਥੇਦਾਰ ਨੂੰ ਕਮੇਟੀ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਸੰਬੰਧੀ ਜਾਣੂ ਕਰਾਇਆ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸੰਬੰਧੀ ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਗਈ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੋਈ ਸਹਿਯੋਗ ਨਹੀਂ ਦਿੱਤਾ ਜਾ ਰਿਹਾ ਅਤੇ ਉਹ ਭਰਤੀ ਆਪਣੇ ਤੌਰ 'ਤੇ ਹੀ ਕਰਨਾ ਚਾਹੁੰਦੇ ਹਨ। ਬੈਠਕ ਉਪਰੰਤ ਕਮੇਟੀ ਮੈਂਬਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਖੁਲਾਸਾ ਕੀਤਾ ਕਿ ਉਹ ਸ੍ਰੀ ਅਕਾਲ ਤਖਤ ਵੱਲੋਂ ਜਾਰੀ ਆਦੇਸ਼ਾਂ ਨੂੰ ਇੰਨ-ਬਿੰਨ ਲਾਗੂ ਕਰਵਾਉਣ ਵਾਸਤੇ ਜਥੇਦਾਰ ਨੂੰ ਮਿਲੇ ਹਨ। ਜਥੇਦਾਰ ਨੂੰ ਦੱਸਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਕਮੇਟੀ ਨੂੰ ਕੋਈ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਹੁਣ ਇਸ ਮਾਮਲੇ ਵਿੱਚ ਅਕਾਲ ਤਖਤ ਵੱਲੋਂ ਜੋ ਵੀ ਅਗਲਾ ਆਦੇਸ਼ ਦਿੱਤਾ ਜਾਵੇਗਾ, ਕਮੇਟੀ ਮੈਂਬਰ ਉਸ ਮੁਤਾਬਕ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਅਕਾਲ ਤਖਤ ਦੇ ਜਥੇਦਾਰ ਨੇ ਭਰੋਸਾ ਦਿੱਤਾ ਹੈ ਕਿ ਉਹ ਅਕਾਲ ਤਖਤ ਦੀ ਫਸੀਲ ਤੋਂ 2 ਦਸੰਬਰ ਨੂੰ ਜਾਰੀ ਕੀਤੇ ਗਏ ਆਦੇਸ਼ਾਂ ਨੂੰ ਇੰਨ-ਬਿੰਨ ਲਾਗੂ ਕਰਾਉਣਗੇ।

ਨੇਕ ਚੰਦ ਦੀ ਵਿਰਾਸਤ 'ਤੇ ਬੁਲਡੋਜ਼ਰ

ਚੰਡੀਗੜ੍ਹ : ਇੱਥੇ ਨੇਕ ਚੰਦ ਵੱਲੋਂ ਬਣਾਏ ਗਏ ਰੌਕ ਗਾਰਡਨ, ਜਿਸ ਨੂੰ ਰੀਸਾਈਕਲ ਕੀਤੀਆਂ ਚੀਜ਼ਾਂ ਦੀ ਨਵੀਨਤਾਕਾਰੀ ਅਤੇ ਕਲਾਤਮਿਕ ਵਰਤੋਂ ਲਈ ਜਾਣਿਆ ਜਾਂਦਾ ਹੈ, ਨੂੰ ਇੱਕ ਵੱਡੀ ਚੁਣੌਤੀ ਦਰਪੇਸ਼ ਹੈ। ਰੌਕ ਗਾਰਡਨ ਦੇ ਕੁਝ ਹਿੱਸਿਆਂ ਨੂੰ ਸੜਕ ਚੌੜੀ ਕਰਨ ਦੇ ਪ੍ਰੋਜੈਕਟ ਲਈ ਢਾਹਿਆ ਜਾ ਰਿਹਾ ਹੈ।

ਇਸ ਯੋਜਨਾ ਦਾ ਮੰਤਵ ਹਾਈ ਕੋਰਟ ਦੇ ਨੇੜੇ ਵਾਧੂ ਪਾਰਕਿੰਗ ਲਈ ਥਾਂ ਬਣਾਉਣਾ ਹੈ, ਪਰ ਇਸ ਨਾਲ ਰੌਕ ਗਾਰਡਨ ਦੇ ਬਾਗ਼ ਦੀ ਕੰਧ ਦਾ ਇੱਕ ਹਿੱਸਾ ਤਬਾਹ ਹੋ ਗਿਆ ਹੈ। ਪ੍ਰਸ਼ਾਸਨ ਦੀ ਇਸ ਕਾਰਵਾਈ ਖਿਲਾਫ ਲੋਕਾਂ ਵਿੱਚ ਗੁੱਸਾ ਹੈ, ਕਿਉਂਕਿ ਰੌਕ ਗਾਰਡਨ, ਜੋ ਰਚਨਾਤਮਕ ਅਤੇ ਟਿਕਾਊ ਕਲਾ ਦਾ ਪ੍ਰਤੀਕ ਹੈ, ਚੰਡੀਗੜ੍ਹ ਵਾਸੀਆਂ ਲਈ ਬਹੁਤ ਭਾਵਨਾਤਮਕ ਅਤੇ ਸੱਭਿਆਚਾਰਕ ਅਹਿਮੀਅਤ ਰੱਖਦਾ ਹੈ। ਨੇਕ ਚੰਦ ਦੇ ਪੁੱਤਰ ਅਨੁਜ ਸੈਣੀ ਨੇ ਵੀ ਆਪਣੇ ਪਿਤਾ ਦੀ ਵਿਰਾਸਤ ਨੂੰ ਪੁੱਜੇ ਨੁਕਸਾਨ 'ਤੇ ਡੂੰਘੀ ਚਿੰਤਾ ਜਤਾਈ ਹੈ। ਵਿਰਾਸਤ ਦੀ ਸਾਂਭ-ਸੰਭਾਲ ਵਿੱਚ ਲੱਗੇ ਕਾਰਕੁੰਨਾਂ ਨੇ ਕਿਹਾ ਹੈ ਕਿ ਅਜਿਹੇ ਵਿਲੱਖਣ ਮੀਲ ਪੱਥਰ ਦੀ ਤਬਾਹੀ ਚੰਡੀਗੜ੍ਹ ਦੇ ਵਾਤਾਵਰਨ ਤੇ ਇਤਿਹਾਸਕ ਅਖੰਡਤਾ ਦੋਵਾਂ ਨਾਲ ਸਮਝੌਤਾ ਹੈ। ਉਨ੍ਹਾਂ ਲੋਕਾਂ ਨੂੰ ਪ੍ਰਸ਼ਾਸਨ ਦੀ ਕਾਰਵਾਈ ਦਾ ਵਿਰੋਧ ਕਰਨ ਅਤੇ ਸ਼ਹਿਰ ਦੀ ਵਿਲੱਖਣ ਵਿਰਾਸਤ ਦੀ ਰੱਖਿਆ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ ਹੈ।

ਪੰਜਾਬ ਵਿਧਾਨ ਸਭਾ ਦਾ ਦੋ ਦਿਨਾ ਅਜਲਾਸ ਅੱਜ ਤੋਂ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦਾ ਦੋ ਦਿਨਾ ਵਿਸ਼ੇਸ਼ ਇਜਲਾਸ ਸੋਮਵਾਰ ਸ਼ੁਰੂ ਹੋ ਰਿਹਾ ਹੈ। ਬਜਟ ਇਜਲਾਸ ਤੋਂ ਐਨ ਪਹਿਲਾਂ ਹੋ ਰਹੇ ਇਸ ਇਜਲਾਸ 'ਚ ਪੰਜਾਬ ਸਰਕਾਰ ਵੱਲੋਂ ਖੇਤੀ ਮੰਡੀਕਰਨ ਨੀਤੀ ਦੇ ਕੌਮੀ ਖਰੜੇ ਖਿਲਾਫ ਵਿਸ਼ੇਸ਼ ਮਤਾ ਲਿਆਉਣ ਦੀ ਸੰਭਾਵਨਾ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਲਗਾਤਾਰ ਇਸ ਖਰੜੇ ਦੇ ਵਿਰੋਧ 'ਚ ਮਤਾ ਪਾਸ ਕੀਤੇ ਜਾਣ ਦੀ ਮੰਗ ਉਠਾਈ ਜਾ ਰਹੀ ਹੈ। ਪੰਜਾਬ ਸਰਕਾਰ ਕਿਸਾਨਾਂ ਦੇ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਚੱਲ ਰਹੇ ਅੰਦੋਲਨ ਦਰਮਿਆਨ ਕੌਮੀ ਖੇਤੀ ਮੰਡੀਕਰਨ ਨੀਤੀ ਖਿਲਾਫ ਅਜਿਹਾ ਮਤਾ ਲਿਆ ਸਕਦੀ ਹੈ।

ਸੋਨੀਆ ਮਾਨ ਆਪ 'ਚ

ਨਵੀਂ ਦਿੱਲੀ : ਪੰਜਾਬੀ ਅਦਾਕਾਰਾ ਸੋਨੀਆ ਮਾਨ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਈ ਹੈ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਉਸ ਨੂੰ ਮੈਂਬਰਸ਼ਿਪ ਦਿੱਤੀ। ਸੋਨੀਆ ਮਾਨ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਬਲਦੇਵ ਸਿੰਘ ਮਾਨ ਦੀ ਬੇਟੀ ਹੈ।

ਜਨਰਲ ਦਿਵੇਦੀ ਫਰਾਂਸ ਦੌਰੇ 'ਤੇ

ਨਵੀਂ ਦਿੱਲੀ : ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਭਾਰਤ-ਫਰਾਂਸ ਰੱਖਿਆ ਸਹਿਯੋਗ ਨੂੰ ਹੁਲਾਰਾ ਦੇਣ ਦੀਆਂ ਕੋਸ਼ਿਸ਼ਾਂ ਵਜੋਂ 24 ਤੋਂ 27 ਫਰਵਰੀ ਤੱਕ ਫਰਾਂਸ ਦਾ ਦੌਰਾ ਕਰਨਗੇ। ਰੱਖਿਆ ਮੰਤਰਾਲੇ ਨੇ ਕਿਹਾ ਕਿ ਜਨਰਲ ਦਿਵੇਦੀ ਦੀ ਫੇਰੀ ਦਾ ਉਦੇਸ਼ ਭਾਰਤ ਅਤੇ ਫਰਾਂਸ ਵਿਚਕਾਰ ਫੌਜੀ ਸਹਿਯੋਗ ਨੂੰ ਮਜ਼ਬੂਤ ਕਰਨਾ, ਸਹਿਯੋਗ ਦੇ ਨਵੇਂ ਰਾਹ ਤਲਾਸ਼ਣਾ ਅਤੇ ਦੋਵਾਂ ਦੇਸ਼ਾਂ ਦੀਆਂ ਹਥਿਆਰਬੰਦ ਸੈਨਾਵਾਂ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਵਧਾਉਣਾ ਹੈ।

ਇੱਕ ਦਿਨ ਵਿਗਿਆਨੀ ਬਣਨ ਦਾ ਸੱਦਾ

ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ 100ਵੇਂ ਲਾਂਚ ਮਿਸ਼ਨ ਦੀ ਸਫਲਤਾ 'ਤੇ ਜ਼ੋਰ ਦਿੰਦਿਆਂ ਐਤਵਾਰ ਦੇਸ਼ ਦੇ ਨੌਜਵਾਨਾਂ ਨੂੰ 'ਇੱਕ ਦਿਨ ਵਿਗਿਆਨੀ' ਵਜੋਂ ਬਿਤਾਉਣ ਦਾ ਸੱਦਾ ਦਿੱਤਾ ਤਾਂ ਕਿ ਵਿਗਿਆਨ ਨੂੰ ਲੈ ਕੇ ਉਨ੍ਹਾਂ ਦੀ ਉਤਸੁਕਤਾ ਬਣੀ ਰਹੇ। ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੀ 119ਵੀਂ ਕੜੀ ਵਿੱਚ ਪ੍ਰਧਾਨ ਮੰਤਰੀ ਨੇ ਕਿਹਾ-ਤੁਸੀਂ ਆਪਣੀ ਸਹੂਲਤ ਅਨੁਸਾਰ ਕੋਈ ਵੀ ਦਿਨ ਚੁਣ ਸਕਦੇ ਹੋ। ਉਸ ਦਿਨ ਕਿਸੇ ਖੋਜ ਪ੍ਰਯੋਗਸ਼ਾਲਾ, ਪਲੈਨੇਟੇਰੀਅਮ ਜਾਂ ਪੁਲਾੜ ਕੇਂਦਰ 'ਤੇ ਜ਼ਰੂਰ ਜਾਓ। ਅਜਿਹਾ ਕਰਨ ਨਾਲ ਵਿਗਿਆਨ ਪ੍ਰਤੀ ਤੁਹਾਡੀ ਉਤਸੁਕਤਾ ਹੋਰ ਵਧੇਗੀ।

ਆਤਿਸ਼ੀ ਬਣੀ ਆਪੋਜ਼ੀਸ਼ਨ ਦੀ ਆਗੂ

ਨਵੀਂ ਦਿੱਲੀ : ਕਾਲਕਾਜੀ ਹਲਕੇ ਤੋਂ ਵਿਧਾਇਕ ਆਤਿਸ਼ੀ ਨੂੰ ਦਿੱਲੀ ਅਸੈਂਬਲੀ ਵਿੱਚ ਵਿਰੋਧੀ ਧਿਰ ਦੀ ਆਗੂ ਚੁਣਿਆ ਗਿਆ ਹੈ। ਆਮ ਆਦਮੀ ਪਾਰਟੀ ਦੇ ਨਵਨਿਯੁਕਤ ਵਿਧਾਇਕਾਂ ਦੀ ਹੋਈ ਬੈਠਕ ਦੌਰਾਨ ਇਹ ਫੈਸਲਾ ਲਿਆ ਗਿਆ। ਬੈਠਕ 'ਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪਾਰਟੀ ਦੇ 22 ਵਿਧਾਇਕ ਮੌਜੂਦ ਸਨ। ਦਿੱਲੀ ਅਸੈਂਬਲੀ ਦਾ ਪਹਿਲਾ ਸੈਸ਼ਨ 24 ਫਰਵਰੀ ਤੋਂ ਸ਼ੁਰੂ ਹੋਵੇਗਾ।

ਜਗਰੂਪ ਸਿੰਘ ਕੁੱਸਾ ਦਾ ਦੇਹਾਂਤ

ਮੋਗਾ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਜਗਰੂਪ ਸਿੰਘ ਕੁੱਸਾ ਦਾ ਹਾਰਟ ਅਟੈਕ ਕਾਰਨ ਦੇਹਾਂਤ ਹੋ ਗਿਆ। ਉਹ ਅਕਾਲੀ ਦਲ ਦੀ ਸਰਕਾਰ ਸਮੇਂ ਮਾਰਕੀਟ ਕਮੇਟੀ ਨਿਹਾਲ ਸਿੰਘ ਵਾਲਾ ਦੇ ਚੇਅਰਮੈਨ ਵੀ ਰਹੇ ਸਨ।

ਜਵਾਬੀ ਫਾਇਰਿੰਗ 'ਚ ਗੈਂਗਸਟਰ ਜ਼ਖਮੀ

ਭਵਾਨੀਗੜ੍ਹ : ਨਦਾਮਪੁਰ ਵਿਖੇ ਨਹਿਰ ਦੀ ਪਟੜੀ ਕੋਲ ਅਸਲੇ ਦੀ ਬਰਾਮਦਗੀ ਲਈ ਲਿਆਂਦੇ ਗੈਂਗਸਟਰ ਨੇ ਪੁਲਸ 'ਤੇ ਹਮਲਾ ਕਰ ਦਿੱਤਾ। ਜਵਾਬੀ ਕਾਰਵਾਈ 'ਚ ਗੈਂਗਸਟਰ ਲੱਤ 'ਚ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ। ਐੱਸ ਪੀ ਸੰਗਰੂਰ ਪਲਵਿੰਦਰ ਸਿੰਘ ਚੀਮਾ ਨੇ ਦੱਸਿਆ ਕਿ ਸੀ ਆਈ ਏ ਸਟਾਫ ਦੇ ਇੰਚਾਰਜ ਸੰਦੀਪ ਸਿੰਘ ਦੀ ਅਗਵਾਈ ਹੇਠ ਪੁਲਸ ਗੈਂਗਸਟਰ ਮਨਿੰਦਰ ਸਿੰਘ ਵਾਸੀ ਮੋਹਾਲੀ ਨੂੰ ਅਸਲੇ ਦੀ ਰਿਕਵਰੀ ਲਈ ਉਸ ਵੱਲੋਂ ਦੱਸੇ ਸਥਾਨ ਪਿੰਡ ਨਦਾਮਪੁਰ ਤੋਂ ਪਿੰਡ ਥੰਮਣ ਸਿੰਘ ਵਾਲਾ ਨੂੰ ਜਾਣ ਵਾਲੀ ਨਹਿਰ ਦੀ ਪਟੜੀ ਵਾਲੀ ਸੜਕ 'ਤੇ ਲੈ ਕੇ ਗਈ ਤਾਂ ਉਸ ਨੇ ਤੁਰੰਤ ਖਤਾਨ 'ਚ ਲੁਕਾ ਕੇ ਰੱਖੇ ਇੱਕ ਵਿਦੇਸ਼ੀ ਪਿਸਤੌਲ ਨਾਲ ਪੁਲਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ।

ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। *-ਮੈਨੇਜਰ*

ਵਧੀਆ ਸਾਈਡ ਬਿਜ਼ਨੈੱਸ ਚਲਾਇਆ ਹੋਇਆ ਸੀ

ਬਟਾਲਾ : ਪਿਛਲੇ ਦਿਨੀਂ ਡਿਸਮਿਸ ਕੀਤਾ ਗਿਆ ਏ ਐੱਸ ਆਈ ਸੁਰਜੀਤ ਸਿੰਘ ਆਪਣੇ ਅਮਰੀਕਾ ਰਹਿੰਦੇ ਦੋ ਪੁੱਤਰਾਂ ਨਾਲ ਮਿਲ ਕੇ ਫਿਰੌਤੀ ਰੈਕਟ ਚਲਾਉਂਦਾ ਸੀ। ਐੱਸ ਐੱਸ ਪੀ ਬਟਾਲਾ ਕਾਸਿਮ ਮੀਰ ਮੁਤਾਬਕ ਸੁਰਜੀਤ ਸਿੰਘ ਦੀ ਗ੍ਰਿਫ਼ਤਾਰੀ ਨਾਲ ਅਮਰੀਕਾ ਰਹਿੰਦੇ ਗੈਂਗਸਟਰ ਗੁਰਦੇਵ ਜੱਸਲ ਵੱਲੋਂ ਚਲਾਏ ਜਾ ਰਹੇ ਵੱਡੇ ਫਿਰੌਤੀ ਨੈੱਟਵਰਕ ਨੂੰ ਤਬਾਹ ਕਰਨ ਵਿੱਚ ਮਦਦ ਮਿਲੀ ਹੈ। ਸੁਰਜੀਤ ਸਿੰਘ ਤੋਂ ਲੱਖਾਂ ਰੁਪਏ, ਗੈਰਕਾਨੂੰਨੀ ਅਗਨ-ਸ਼ਸਤਰ ਤੇ ਲਗਜ਼ਰੀ ਗੱਡੀਆਂ ਬਰਾਮਦ ਹੋਈਆਂ ਹਨ। ਦੱਸਿਆ ਜਾਂਦਾ ਹੈ ਕਿ ਸੁਰਜੀਤ ਸਿੰਘ ਨੇ ਪੁੱਛਗਿੱਛ ਵਿੱਚ ਕਿਹਾ ਸੀ ਕਿ ਉਸ ਨੇ ਆਪਣੇ ਪੁੱਤਰ ਤੋਂ ਰਕਮ ਪ੍ਰਾਪਤ ਕੀਤੀ ਸੀ। ਉਸ ਦੇ ਬਟਾਲਾ ਦੇ ਹਰਨਾਮ ਨਗਰ ਵਿਚਲੇ ਘਰ 'ਚ ਛਾਪਾ ਮਾਰ ਕੇ 76 ਲੱਖ 32 ਹਜ਼ਾਰ ਰੁਪਏ ਬਰਾਮਦ ਕੀਤੇ ਗਏ। ਤਕਨੀਕੀ ਜਾਂਚ ਵਿੱਚ ਅੰਕੁਸ਼ ਮੈਨੀ ਬਾਰੇ ਪਤਾ ਲੱਗਾ, ਜਿਸ ਨੇ ਗੁਰਦੇਵ ਜੱਸਲ ਦੀ ਧਮਕੀ ਤੋਂ ਬਾਅਦ ਕਲਾਨੌਰ ਦੇ ਪੈਟਰੋਲ ਪੰਪ ਮਾਲਕ ਤੋਂ ਮਿਲੇ ਪੈਸੇ ਸੁਰਜੀਤ ਸਿੰਘ ਨੂੰ ਲਿਆ ਕੇ ਦਿੱਤੇ ਸਨ। ਲੰਘੀ 4 ਫਰਵਰੀ ਨੂੰ ਗੁਰਦੇਵ ਸਿੰਘ ਜੱਸਲ ਦੇ ਗੁਰਗਿਆਂ ਨੇ ਕਲਾਨੌਰ ਵਿਖੇ ਪੈਟਰੋਲ ਪੰਪ 'ਤੇ ਗੋਲੀਆਂ ਚਲਾਈਆਂ ਸਨ ਅਤੇ ਜੱਸਲ ਨੇ ਫੋਨ ਕਰਕੇ ਇੱਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਸੀ। ਇਸ ਮਗਰੋਂ 11 ਫਰਵਰੀ ਨੂੰ ਉਕਤ ਕਾਰੋਬਾਰੀ ਨੇ 50 ਲੱਖ ਰੁਪਏ ਦੀ ਰਕਮ ਫਿਰੌਤੀ ਵਜੋਂ ਦਿੱਤੀ ਸੀ।

ਐੱਸ ਐੱਸ ਪੀ ਨੇ ਦੱਸਿਆ ਕਿ ਜੱਸਲ ਗੈਂਗ ਵਿਦੇਸ਼ੀ ਨੰਬਰਾਂ ਨਾਲ ਧਮਕੀਆਂ ਦਿੰਦਾ ਸੀ ਅਤੇ ਵੱਖ-ਵੱਖ ਰੂਟਾਂ ਨਾਲ ਪੈਸੇ ਹਾਸਲ ਕਰਦਾ ਸੀ।

14 ਫਰਵਰੀ ਨੂੰ ਸਦਰ ਥਾਣਾ ਬਟਾਲਾ ਦੇ ਐੱਸ ਐੱਚ ਓ ਨੂੰ ਸੂਚਨਾ ਮਿਲੀ ਸੀ ਕਿ ਇਸ ਨੈੱਟਵਰਕ ਵਿੱਚ ਕੋਈ ਸਥਾਨਕ ਪੁਲਸ ਅਫਸਰ ਸ਼ਾਮਲ ਹੈ। ਆਖਰ ਚੌਂਕੀ ਸ਼ੇਖੂਪੁਰ 'ਚ ਤਾਇਨਾਤ ਸੁਰਜੀਤ ਸਿੰਘ ਨੂੰ ਕਾਬੂ ਕਰ ਲਿਆ ਗਿਆ। ਜਾਂਚ ਵਿੱਚ ਪਤਾ ਲੱਗਿਆ ਕਿ ਸੁਰਜੀਤ ਸਿੰਘ ਦੇ ਦੋਨੋਂ ਪੁੱਤਰ ਅਮਰੀਕਾ 'ਚ ਜੱਸਲ ਦੇ ਸੰਪਰਕ 'ਚ ਸਨ। ਜੱਸਲ ਫੋਨ 'ਤੇ ਧਮਕੀ ਦਿੰਦਾ ਸੀ ਤੇ ਪੈਸੇ ਸੁਰਜੀਤ ਸਿੰਘ ਕੋਲ ਪੁੱਜਦੇ ਸਨ। ਸੁਰਜੀਤ ਸਿੰਘ ਨੇ ਹਾਲ ਹੀ ਵਿੱਚ ਨਵੀਂ ਫਾਰਚੂਨਰ ਤੇ ਦੋ ਪਲਾਟ ਖਰੀਦੇ ਸਨ। ਉਸ ਨੂੰ ਪਿਛਲੇ ਦਿਨੀਂ ਡਿਸਮਿਸ ਕਰਨ ਵੇਲੇ ਨਹੀਂ ਦੱਸਿਆ ਗਿਆ ਸੀ ਕਿ ਡਿਸਮਿਸ ਕਿਉਂ ਕੀਤਾ।

ਮਹਾਕੁੰਭ ਦੀਆਂ ਡੁੱਬਕੀਆਂ ਬਹੁਤ ਮਹਿੰਗੀਆਂ ਪਈਆਂ



ਨਵੀਂ ਦਿੱਲੀ : ਮਹਾਂਸ਼ਿਵਰਾਤਰੀ 'ਤੇ ਪ੍ਰਯਾਗਰਾਜ ਵਿੱਚ ਚੱਲ ਰਿਹਾ ਮਹਾਕੁੰਭ ਸਮਾਪਤ ਹੋ ਜਾਣਾ ਹੈ, ਪਰ ਤ੍ਰਿਵੈਣੀ ਸੰਗਮ ਵਿੱਚ ਡੁੱਬਕੀ ਲਾਉਣ ਦਾ ਕਰੇਜ਼ ਅਜੇ ਵੀ ਬਰਕਰਾਰ ਹੈ। ਯੂ ਪੀ ਸਰਕਾਰ ਨੇ ਦੱਸਿਆ ਹੈ ਕਿ ਕਰੀਬ 60 ਕਰੋੜ ਲੋਕ ਡੁੱਬਕੀ ਲਾ ਚੁੱਕੇ ਹਨ ਤੇ 26 ਫਰਵਰੀ ਨੂੰ ਮਹਾਂਸ਼ਿਵਰਾਤਰੀ ਵਾਲੇ ਦਿਨ ਅੰਮ੍ਰਿਤ ਇਸ਼ਨਾਨ ਤੱਕ 65 ਕਰੋੜ ਦਾ ਅੰਕੜਾ ਟੱਪ ਜਾਵੇਗਾ।

ਲੋਕਾਂ ਨੇ ਆਸਥਾ ਦਾ ਜ਼ਬਰਦਸਤ ਪ੍ਰਦਰਸ਼ਨ ਕੀਤਾ ਹੈ, ਪਰ ਇਸ ਦੀ ਕੀਮਤ ਵੀ ਕਾਫੀ ਚੁਕਾਈ ਹੈ। ਇੱਕ ਸਰਵੇਖਣ ਮੁਤਾਬਕ ਉਨ੍ਹਾਂ ਨੂੰ ਜਹਾਜ਼ਾਂ, ਹੋਟਲਾਂ ਤੇ ਲੋਕਲ ਟਰਾਂਸਪੋਰਟ ਸੇਵਾ 'ਤੇ ਆਮ ਨਾਲੋਂ 300 ਗੁਣਾ ਖਰਚ ਕਰਨਾ ਪਿਆ। 87 ਫੀਸਦੀ ਹਵਾਈ ਯਾਤਰੀਆਂ ਨੇ ਆਮ ਨਾਲੋਂ 50-300 ਫੀਸਦੀ ਵੱਧ ਕਿਰਾਇਆ ਭਰਿਆ। ਹੋਟਲਾਂ ਤੇ ਟੈਂਟਾਂ ਵਿੱਚ ਰਹਿਣ ਵਾਲਿਆਂ ਦੀ ਵੀ ਏਨੀ ਹੀ ਜੇਬ ਢਿੱਲੀ ਹੋਈ। 25 ਫਰਵਰੀ ਲਈ ਮੁੰਬਈ ਤੋਂ ਪ੍ਰਯਾਗਰਾਜ ਦੀਆਂ ਟਿਕਟਾਂ ਸਾਢੇ 21 ਹਜ਼ਾਰ ਤੋਂ ਸਾਢੇ 37 ਹਜ

24-FEB-PAGE-1.qxd 2/23/2025 9:08 PM Page 2

ਮਾਂ-ਬੋਲੀ ਦਿਵਸ ਨੂੰ ਸਮਰਪਤ ਪੁਸਤਕ ਪ੍ਰਦਰਸ਼ਨੀ

ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਕਾਲਜ ਲਾਇਬ੍ਰੇਰੀ ਵੱਲੋਂ ਇਕ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਕਾਲਜ ਦੀ ਲਾਇਬ੍ਰੇਰੀ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਤ ਇਸ ਪੁਸਤਕ ਪ੍ਰਦਰਸ਼ਨੀ ਰਾਹੀਂ ਜਿੱਥੇ ਵਿਦਿਆਰਥੀਆਂ ਨੂੰ ਕਿਤਾਬਾਂ ਦੇ ਮਹੱਤਵ ਬਾਰੇ ਦੱਸਿਆ ਗਿਆ, ਉੱਥੇ ਮਾਂ ਬੋਲੀ ਦੇ ਮਹੱਤਵ ਬਾਰੇ ਵਿਚਾਰ ਗੋਸ਼ਟੀ ਦਾ ਆਯੋਜਨ ਵੀ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਉਚੇਚ ਤੌਰ 'ਤੇ ਇਸ ਪ੍ਰਦਰਸ਼ਨੀ ਵਿੱਚ ਪਹੁੰਚ ਕੇ ਵਿਦਿਆਰਥੀਆਂ ਨੂੰ ਕਿਤਾਬਾਂ ਨਾਲ਼ ਜੁੜਨ ਲਈ ਪ੍ਰੇਰਿਆ। ਇਸ ਮੌਕੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਸਹਾਇਕ ਲਾਇਬ੍ਰੇਰੀਅਨ ਕੁਲਵੰਤ ਸਿੰਘ ਗਿੱਲ ਨੇ ਮਨੁੱਖ ਦੇ ਜੀਵਨ ਵਿੱਚ ਕਿਤਾਬਾਂ ਦੇ ਮਹੱਤਵ ਬਾਰੇ ਚਰਚਾ ਕੀਤੀ। ਇਸ ਮੌਕੇ ਪ੍ਰੋ. ਜਗਰੂਪ ਸਿੰਘ, ਡਾ. ਮਨੋਜ ਕੁਮਾਰ ਚੌਧਰੀ, ਡਾ. ਅਮਨਦੀਪ ਕੌਰ, ਜਸਦੀਪ ਸਿੰਘ, ਜਰਨੈਲ ਸਿੰਘ ਤੇ ਸ੍ਰੀਮਤੀ ਨਿਸ਼ਾ ਦੇਵੀ ਹਾਜ਼ਰ ਸਨ।

ਭਾਰਤੀਆਂ ਨੂੰ ਜਬਰੀ ਡਿਪੋਰਟ ਕੀਤੇ ਜਾਣਾ ਚਿੰਤਾ ਦਾ ਵਿਸ਼ਾ : ਐਡ. ਮੋਹਿਤ ਗਰਗ

ਰਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਅਮਰੀਕਾ ਵੱਲੋਂ ਭਾਰਤੀਆਂ ਨੂੰ ਜਬਰੀ ਡਿਪੋਰਟ ਕੀਤੇ ਜਾਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਤੇ ਜਿਹੜੀ ਹਾਲਾਤ ਵਿੱਚ ਭਾਰਤੀਆਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ, ਉਹ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਕਰਦਿਆਂ ਇਨਸਾਫ਼ ਗਰੁੱਪ ਆਫ਼ ਪੰਜਾਬ ਦੇ ਪੰਜਾਬ ਪ੍ਰਧਾਨ ਐਡਵੋਕੇਟ ਮੋਹਿਤ ਗਰਗ ਨੇ ਕਿਹਾ ਕਿ ਹਜ਼ਾਰਾਂ ਪੰਜਾਬੀ ਨੌਜਵਾਨ, ਜੋ ਆਪਣੇ ਸੁਨਹਿਰੇ ਭਵਿੱਖ ਲਈ ਅਮਰੀਕਾ ਗਏ ਸਨ, ਉਨ੍ਹਾਂ ਨੂੰ ਵਿਦੇਸ਼ੀ ਨੀਤੀਆਂ ਅਤੇ ਸਰਕਾਰਾਂ ਦੀ ਨਾਕਾਮੀ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕੁੱਝ ਨੌਜਵਾਨਾਂ ਦੀ ਬਿਨਾਂ ਸੁਣਵਾਈ ਕੀਤੇ ਹੀ ਉਨ੍ਹਾਂ ਨੂੰ ਡਿਪੋਰਟ ਕੀਤਾ ਜਾ ਰਿਹਾ ਹੈ, ਜੋ ਮੂਲ ਰੂਪ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਭਾਰਤ ਸਰਕਾਰ 'ਤੇ ਨਿਸਾਨਾ ਸਾਧਦਿਆਂ ਕਿਹਾ ਕਿ ਮੌਜੂਦਾ ਸਰਕਾਰ ਦੀਆਂ ਨੀਤੀਆਂ ਗਲਤ ਸਾਬਤ ਹੋ ਰਹੀਆਂ ਹਨ ਤੇ ਸਰਕਾਰ ਅੰਤਰਰਾਸਟਰੀ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਕਰਨ 'ਚ ਫੇਲ੍ਹ ਸਾਬਤ ਹੋ ਰਹੀ ਹੈ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਜਲਦ ਤੋਂ ਜਲਦ ਉੱਚ ਪੱਧਰੀ ਵਫ਼ਦ ਭੇਜ ਕੇ ਅਮਰੀਕਾ 'ਚ ਭਾਰਤੀਆਂ ਦੀ ਕਾਨੂੰਨੀ ਸਹਾਇਤਾ ਕੀਤੀ ਜਾਵੇ ਤੇ ਉਨ੍ਹਾਂ ਦੇ ਅਧਿਕਾਰਾਂ ਦੀ ਰਾਖੀ ਲਈ ਪੂਰੇ ਯਤਨ ਕੀਤੇ ਜਾਣ।

ਸ਼ਹਿਰ ਵਾਸੀਆਂ ਨੂੰ ਸਾਲ ਦੇ ਅੰਤ ਤੱਕ ਮਿਲੇਗੀ ਪੀਣ ਵਾਲੇ ਸਾਫ਼ ਨਹਿਰੀ ਪਾਣੀ ਦੀ ਸਹੂਲਤ : ਡਾ. ਬਲਬੀਰ ਸਿੰਘ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਪੰਜਾਬ ਸਿਹਤ ਅਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੀ ਵਾਰਡ ਨੰਬਰ 4 ਦੇ ਮਨਜੀਤ ਨਗਰ ਵਿਖੇ 46 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ 1.5 ਕਿੱਲੋਮੀਟਰ ਲੰਬੀ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਤੇ ਕੌਂਸਲਰ ਮਨਦੀਪ ਸਿੰਘ ਵਿਰਦੀ ਮੌਜੂਦ ਸਨ।ਡਾ. ਬਲਬੀਰ ਸਿੰਘ ਨੇ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਸਾਲ ਦੇ ਅੰਤ ਤੱਕ ਨਹਿਰੀ ਪਾਣੀ ਦੇ ਪ੍ਰਾਜੈਕਟ ਨੂੰ ਮੁਕੰਮਲ ਕਰਕੇ ਪਟਿਆਲਾ ਸ਼ਹਿਰ ਵਾਸੀਆਂ ਲਈ ਪੀਣ ਵਾਲੇ ਸਾਫ਼ ਪਾਣੀ ਦੀ ਚੌਵੀ ਘੰਟੇ ਨਿਰਵਿਘਨ ਸਪਲਾਈ ਯਕੀਨੀ ਬਣਾਈ ਜਾਵੇਗੀ।ਉਨ੍ਹਾਂ ਕਿਹਾ ਕਿ ਹੁਣ ਮੌਸਮ ਠੀਕ ਹੋਣ ਕਰਕੇ ਸ਼ਹਿਰ ਦੀਆਂ ਸੜਕਾਂ ਦਾ ਨਿਰਮਾਣ ਕਾਰਜ ਜੰਗੀ ਪੱਧਰ 'ਤੇ ਕੀਤਾ ਜਾਵੇਗਾ ਤੇ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ।ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਲੋਕਾਂ ਲਈ ਮਿਆਰੀ ਸਿਹਤ ਸਹੂਲਤਾਂ ਤੇ ਸਿੱਖਿਆ ਦਾ ਪ੍ਰਬੰਧ ਕਰਨ ਸਮੇਤ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।ਇਸ ਮੌਕੇ ਜਸਬੀਰ ਸਿੰਘ ਗਾਂਧੀ, ਗੁਰਚਰਨ ਸਿੰਘ ਰੁਪਾਣਾ, ਲਾਲ ਸਿੰਘ, ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਗੁਰਪ੍ਰੀਤ ਸਿੰਘ ਵਾਲੀਆ ਤੇ ਹੋਰ ਅਧਿਕਾਰੀਆਂ ਸਮੇਤ ਇਲਾਕੇ ਦੇ ਪਤਵੰਤੇ ਹਾਜ਼ਰ ਸਨ।

ਚੰਡੀਗੜ੍ਹ ਧਰਨੇ ਸੰਬੰਧੀ ਲਾਈਆਂ ਡਿਊਟੀਆਂ : ਦੌਲਤਪੁਰਾ

ਮੋਗਾ (ਇਕਬਾਲ ਸਿੰਘ ਖਹਿਰਾ)-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਪਿੰਡ ਦੌਲਤਪੁਰਾ ਨੀਵਾਂ ਵਿਖੇ ਜ਼ਿਲ੍ਹਾ ਪ੍ਰਧਾਨ ਭਪਿੰਦਰ ਸਿੰਘ ਦੌਲਤਪੁਰਾ ਦੇ ਗ੍ਰਹਿ ਵਿਖੇ ਜ਼ਿਲ੍ਹਾ ਪੱਧਰੀ ਇਕੱਤਰਤਾ ਹੋਈ। ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਜਨਰਲ ਸਕੱਤਰ ਰਵਿੰਦਰ ਸਿੰਘ ਭੋਲਾ ਨੇ ਚਲਾਈ। ਮੀਟਿੰਗ ਵਿੱਚ ਸੂਬਾ ਮੀਤ ਪ੍ਰਧਾਨ ਗੁਲਜਾਰ ਸਿੰਘ ਘੱਲ ਕਲਾਂ, ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਮਹੇਸ਼ਰੀ, ਸੂਬਾ ਮੀਤ ਪ੍ਰਧਾਨ ਗੁਰਬਚਨ ਸਿੰਘ ਚੰਨੂਵਾਲਾ, ਸੂਬਾ ਮੀਤ ਪ੍ਰਧਾਨ ਸੂਰਤ ਸਿੰਘ ਕਾਦਰਵਾਲਾ, ਸੂਬਾ ਮੀਤ ਪ੍ਰਧਾਨ ਮੋਹਨ ਸਿੰਘ ਜੀਂਦੜਾ, ਸੂਬਾ ਆਗੂ ਸਾਥ ਸਿੰਘ ਬੋਗੇਵਾਲਾ, ਸੂਬਾ ਮੀਤ ਪ੍ਰਧਾਨ ਜਰਨੈਲ ਸਿੰਘ ਤਖਾਣ ਵੱਧ, ਸੂਬਾ ਆਗੂ ਮੰਦਰਜੀਤ ਸਿੰਘ ਮਨਾਵਾਂ, ਸੂਬਾ ਆਗੂ ਹਰਨੇਕ ਸਿੰਘ ਫਤਿਹਗੜ੍ਹ, ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਤੇ ਮੀਟਿੰਗ ਦੌਰਾਨ 5 ਮਾਰਚ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਦਿਸ਼ਾ ਨਿਰਦੇਸ਼ ਅਨੁਸਾਰ ਚੰਡੀਗੜ੍ਹ ਵਿਖੇ ਹੋਣ ਵਾਲੇ ਅਣਮਿੱਥੇ ਸਮੇਂ ਲਈ ਮੋਰਚੇ ਵਿੱਚ ਸ਼ਮੂਲੀਅਤ ਕਰਨ ਲਈ ਅਲੱਗ ਅਲੱਗ ਬਲਾਕਾਂ ਤੇ ਇਕਾਈਆਂ ਦੇ ਆਗੂਆਂ ਦੀਆਂ ਡਿਊਟੀਆਂ ਲਾ ਕੇ ਵਿਚਾਰਾਂ ਕੀਤੀਆਂ ਤੇ ਪੰਜਾਬ ਸਰਕਾਰ ਨੂੰ ਕਰੜੇ ਹੱਥੀਂ ਲੈਂਦੇ ਹੋਏ ਆਖਿਆ ਕਿ ਜੋ ਕੇਂਦਰ ਸਰਕਾਰ ਨੇ ਪੰਜਾਬ ਨੂੰ ਖੇਤੀਬਾੜੀ ਡਰਾਫਟ ਭੇਜੇ ਹਨ, ਉਹ ਡਰਾਫਟ ਜੋ ਪੰਜਾਬ ਸਰਕਾਰ ਵਿਧਾਨ ਸਭਾ ਸੈਸ਼ਨ ਬੁਲਾ ਰਹੀ ਹੈ, ਉਸ ਸੈਸ਼ਨ ਵਿੱਚ ਕੇਂਦਰ ਵੱਲੋਂ ਭੇਜੇ ਗਏ ਖੇਤੀ ਡਰਾਫਟ ਮੁੱਢੋਂ ਰੱਦ ਕਰਕੇ ਕੇਂਦਰ ਸਰਕਾਰ ਨੂੰ ਵਾਪਸ ਭੇਜੇ। ਇਸ ਸਮੇਂ ਮੋਹਨ ਸਿੰਘ ਨਿਹਾ ਵਾਲਾ, ਸੁਖਵੀਤ ਸਿੰਘ ਬਲਾਕ ਪ੍ਰਧਾਨ, ਗੁਰਮੀਤ ਸਿੰਘ ਸੰਧੂਆਣਾ, ਲਖਬੀਰ ਸਿੰਘ ਸਰਪੰਚ ਸੰਧੂਆਣਾ, ਜਸਵੰਤ ਸਿੰਘ ਬਲਾਕ ਪ੍ਰਧਾਨ, ਪ੍ਰਗਟ ਸਿੰਘ ਚੋਟੀਆਂ, ਚਰਨਜੀਤ ਸਿੰਘ, ਸ਼ਮਿੰਦਰ ਸਿੰਘ, ਗੁਰਭੇਜ ਸਿੰਘ ਸਰਪੰਚ, ਜਗਸੀਰ ਸਿੰਘ ਜੱਗੀ ਬਾਘਾ ਪੁਰਾਣਾ, ਬੂਟਾ ਸਿੰਘ, ਬੂਟਾ ਸਿੰਘ ਪੰਡੋਰੀ, ਲਾਭ ਸਿੰਘ ਮਾਣੂਕੇ, ਮੇਜਰ ਸਿੰਘ, ਸਰਪੰਚ ਸੁਖਵੰਤ ਸਿੰਘ ਖੋਟੇ ਆਦਿ ਹਾਜ਼ਰ ਸਨ।

ਵਿੱਤ ਮੰਤਰੀ ਵੱਲੋਂ ਪੁਸਤਕ ਮਹਾਰਾਜਾ ਰਣਜੀਤ ਸਿੰਘ ਲੋਕ ਅਰਪਣ

ਸੰਗਰੂਰ (ਪ੍ਰਵੀਨ ਸਿੰਘ)-ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ ਪ੍ਰਮਾਣਿਕ ਤੇ ਪੁੱਖਤਾ ਜਾਣਕਾਰੀ ਪ੍ਰਦਾਨ ਕਰਦੀ ਵਿਗਿਆਨਕ ਦ੍ਰਿਸ਼ਟੀ ਤੋਂ ਅਜੋਕੇ ਪ੍ਰਸੰਗ ਵਿੱਚ ਇੱਕ ਵੱਖਰਾ ਬਿਰਤਾਂਤ ਸਿਰਜਦੀ ਡਾ: ਭਗਵੰਤ ਸਿੰਘ ਤੇ ਡਾ: ਰਮਿੰਦਰ ਕੌਰ ਵੱਲੋਂ ਸੰਪਾਦਤ ਪੁਸਤਕ ਮਹਾਰਾਜਾ ਰਣਜੀਤ ਸਿੰਘ ਪੰਜਾਬ ਦੇ ਕੈਬਿਨਟ ਸਬ-ਕਮੇਟੀ ਦੀ ਕੇਂਦਰੀ ਪੰਜਾਬੀ ਲੇਖਕ ਸਭਾ ਸੋਖੋਂ ਨਾਲ ਮੀਟਿੰਗ ਮੌਕੇ ਹਰਪਾਲ ਸਿੰਘ ਚੀਮਾਂ ਵਿੱਤ ਤੇ ਯੋਜਨਾ, ਪ੍ਰੋਗਰਾਮ ਲਾਗੂ ਕਰਨ ਅਤੇ ਕਰ ਤੇ ਆਬਕਾਰੀ ਮੰਤਰੀ ਪੰਜਾਬ ਸਰਕਾਰ, ਸ੍ਰ. ਕੁਲਦੀਪ ਸਿੰਘ ਧਾਲੀਵਾਲ ਆਰ. ਆਈ. ਮਾਮਲੇ ਮੰਤਰੀ ਪੰਜਾਬ ਸਰਕਾਰ ਵੱਲੋਂ ਲੋਕ ਅਰਪਣ ਕੀਤੀ ਗਈ। ਇਸ ਮੌਕੇ ਜਸਵੰਤ ਸਿੰਘ ਗੱਜਣ ਮਾਜਰਾ ਐੱਮ.ਐੱਲ.ਏ., ਜਸਵੰਤ ਸਿੰਘ ਜਫ਼ਰ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬਰ, ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬ ਲੇਖਕ ਸਭਾ ਸੋਖੋਂ, ਪ੍ਰੋ: ਸੰਧੂ ਵਰਿਆਣਵੀ ਜਨਰਲ ਸਕੱਤਰ ਸਭਾ, ਗੁਲਜਾਰ ਸਿੰਘ ਸ਼ੌਕੀ, ਜਗਦੀਸ਼ ਰਾਣਾ, ਬਲਦੇਵ ਸਿੰਘ ਬੱਧਨ, ਜਗਦੀਪ ਸਿੰਘ ਗੰਧਾਰਾ ਐਡਵੋਕੇਟ, ਪ੍ਰੋ: ਪੀ. ਸੀ. ਚੌਹਾਨ, ਦਰਸ਼ਨ ਦਿਸੰਘ ਪ੍ਰੀਤੀਮਾਨ ਸਮੇਤ ਹੋਰ ਸਾਹਿਤਕਾਰ ਤੇ ਉੱਚ ਅਧਿਕਾਰੀ ਹਾਜ਼ਰ ਸਨ। ਇਸ ਪੁਸਤਕ ਵਿੱਚ ਪ੍ਰੋ: ਤੇਜਾ ਸਿੰਘ, ਡਾ: ਗੰਡਾ ਸਿੰਘ, ਸੀਤਾ ਰਾਮ ਕੋਹਲੀ, ਡਾ: ਜੀ ਐੱਲ. ਚੋਪੜਾ, ਹਰਦਿੱਤ ਸਿੰਘ ਢਿੱਲੋਂ, ਹਰਬੰਸ ਸਿੰਘ, ਗੁਰਦਿੱਤ ਸਿੰਘ, ਪ੍ਰੋ: ਸੱਯਦ ਅਬਦੁੱਲ ਕਾਦਿਰ, ਪ੍ਰੋ: ਗੁਲਸ਼ਨ ਰਾਏ, ਪ੍ਰੋ: ਗੁਰਮੁੱਖ ਨਿਹਾਲ ਸਿੰਘ, ਬਾਵਾ ਪ੍ਰੇਮ ਸਿੰਘ ਹੋਤੀ, ਕੇ. ਸੀ. ਖੰਨਾ, ਜੋਗਿੰਦਰ ਸਿੰਘ ਜਿਹੇ ਦਿੱਗਜ਼ ਚਿੰਤਕਾਂ ਦੇ ਖੋਜ ਪੱਤਰਾਂ ਰਾਹੀਂ ਸਿੱਖ ਸਿਧਾਂਤਾਂ, ਮਾਨਵਤਾ, ਸਿੱਖ ਰਾਜ ਦੀ ਅਰਥ ਵਿਵਸਥਾ, ਸਿੱਖ ਮਿਸਲਾਂ ਦਾ ਸੰਗਠਨ ਤੇ ਖਾਲਸਾ ਫੌਜ, ਮਹਾਰਾਜਾ ਰਣਜੀਤ ਸਿੰਘ ਦੀ ਕਰ ਪ੍ਰਣਾਲੀ, ਖੇਤੀਬਾੜੀ ਪ੍ਰਬੰਧ, ਸਿੰਚਾਈ ਵਿਵਸਥਾ ਸਮੇਤ ਮਹਾਰਾਜਾ ਰਣਜੀਤ ਸਿੰਘ ਦੇ ਸਿਵਲ ਪ੍ਰਸ਼ਾਸਨ ਤੇ ਉਨ੍ਹਾਂ ਦੇ ਸਮੇਂ ਭਾਰਤ ਦੀ ਉਤਰ ਪੱਛਮੀ ਸੀਮਾਂ, ਮਹਾਰਾਜਾ ਦਾ ਪਿਛੋਕੜ ਤੇ ਉਸ ਦਾ ਜੀਵਨ ਚਰਿੱਤਰ ਤੇ ਟਿੱਪਣੀਆਂ, ਇੱਕ ਵਿਅਕਤੀ ਅਤੇ ਸ਼ਾਸਕ ਦੇ ਰੂਪ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਚਰਿੱਤਰ, ਮਹਾਰਾਜਾ ਦਲੀਪ ਸਿੰਘ ਦੀਆਂ ਚਿੱਠੀਆਂ, ਮਹਾਰਾਜੇ ਦੀ ਮੌਤ ਬਾਰੇ ਸਮਾਚਾਰ ਪ੍ਰਤ੍ਰਿਕਾ, ਮਹਾਰਾਜਾ ਦੇ ਘੋੜਿਆਂ ਪ੍ਰਤੀ ਪ੍ਰੇਮ ਆਦਿ ਨੂੰ ਸਪੱਸ਼ਟ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪਹਿਲੇ ਐਡੀਸ਼ਨ ਬਾਰੇ ਵਿਭਿੰਨ ਚਿੰਤਕਾਂ ਦੇ ਵਿਚਾਰਾਂ ਨੂੰ ਸੰਮਿਲਤ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਪ੍ਰੋ: ਸ਼ੇਰ ਸਿੰਘ ਕੰਵਲ, ਡਾ: ਸਵਰਾਜ ਸਿੰਘ, ਡਾ: ਤੇਜਵੰਤ ਮਾਨ, ਡਾ: ਗੁਰਮੀਤ ਸਿੰਘ ਦੇ ਨਾਮ ਪ੍ਰਮੁੱਖ ਹਨ। ਖ਼ੂਬਸੂਰਤ ਦਿਖ ਵਾਲੀ ਪੁਸਤਕ ਦੁਰਲਭ, ਪੁੱਖਤਾ ਤੇ ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਦੀ ਹੈ। ਮਾਣਯੋਗ ਮੰਤਰੀ ਸਾਹਿਬਾਨ ਨੇ ਪੁਸਤਕ ਨੂੰ ਇਤਿਹਾਸਕ ਦਸਤਾਵੇਜ਼ ਦੱਸਦਿਆਂ ਪ੍ਰਸੰਨਤਾ ਜ਼ਾਹਰ ਕੀਤੀ।

ਜੰਗਲਾਤ ਵਰਕਰਾਂ ਵੱਲੋਂ 6 ਨੂੰ ਦਿੜ੍ਹਬਾ 'ਚ ਧਰਨਾ ਦੇਣ ਦਾ ਐਲਾਨ

■ ਮੰਗਾਂ ਸੰਬੰਧੀ ਡੀ ਐੱਫ ਓ ਨਾਲ ਮੀਟਿੰਗ 28 ਨੂੰ

ਜ਼ੀਰਾ (ਨਰਿੰਦਰ ਅਨੇਜਾ)-ਜੰਗਲਾਤ ਕਾਮਿਆਂ ਦੀ ਸਿਰਮੌਰ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਸਬੰਧਤ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1406-22-ਬੀ ਚੰਡੀਗੜ੍ਹ ਜ਼ਿਲ੍ਹਾ ਫਿਰੋਜ਼ਪੁਰ ਦੀ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਿਸ਼ਾਨ ਸਿੰਘ ਸ਼ਹਿਜ਼ਾਦੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਸਾਰਾਗੜ੍ਹੀ ਸਹਿਬ ਫਿਰੋਜ਼ਪੁਰ ਵਿਖੇ ਹੋਈ।ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪ ਸ ਸ ਫ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਫਿਰੋਜ਼ਪੁਰ, ਸੁਲੱਖਣ ਸਿੰਘ ਜ਼ਿਲ੍ਹਾ ਖਜ਼ਾਨਚੀ ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਯੂਨੀਅਨ ਪੰਜਾਬ, ਮਹਿਲ ਸਿੰਘ ਸੂਬਾ ਪ੍ਰਧਾਨ ਪੰਜਾਬ ਵਣ ਵਿਭਾਗ ਡਰਾਈਵਰ ਐਸੋਸੀਏਸ਼ਨ, ਡੀਐੱਸਪੀ ਜਸਪਾਲ ਸਿੰਘ ਪ੍ਰਧਾਨ ਪੰਜਾਬ ਪੁਲਿਸ ਪੈਨਸ਼ਨਰਜ਼ ਐਸੋਸੀਏਸ਼ਨ ਫਿਰੋਜ਼ਪੁਰ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਮੀਟਿੰਗ ਦੀ ਕਰਵਾਈ ਚਲਾਉਂਦਿਆਂ ਜ਼ਿਲ੍ਹਾ ਜਨਰਲ ਸਕੱਤਰ ਗੁਰਬੀਰ ਸਿੰਘ ਸ਼ਹਿਜ਼ਾਦੀ ਨੇ ਵੱਖ ਵੱਖ ਜਥੇਬੰਦੀਆਂ ਦੇ ਪਹੁੰਚੇ ਆਗੂਆਂ ਦਾ ਧੰਨਵਾਦ ਕੀਤਾ ਅਤੇ ਫਿਰੋਜ਼ਪੁਰ ਰੇਂਜ ਵਿੱਚ ਕੰਮ ਕਰਦੇ ਜੰਗਲਾਤ ਕਾਮਿਆਂ ਨੂੰ ਆਉਂਦੀਆਂ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ 28 ਫਰਵਰੀ ਨੂੰ ਡੀ ਐੱਫ ਓ ਜੰਗਲਾਤ ਵਿਭਾਗ ਫਿਰੋਜ਼ਪੁਰ ਨਾਲ ਮੀਟਿੰਗ ਕੀਤੀ ਜਾਵੇਗੀ।ਇਸ ਮੌਕੇ ਜਥੇਬੰਦੀ ਦੀ ਸੂਬਾ ਕਮੇਟੀ ਦੇ ਐਲਾਨ ਤਹਿਤ 6 ਮਾਰਚ 2025 ਨੂੰ ਵਿੱਤ ਮੰਤਰੀ ਚੀਮਾ ਦੇ ਹਲਕਾ ਦਿੜ੍ਹਬਾ ਵਿਖੇ ਸੂਬਾ ਪੱਧਰੀ ਰੈਲੀ ਵਿੱਚ ਸ਼ਾਮਲ ਹੋਣ ਲਈ ਸਮੂਹ ਵਰਕਰਾਂ ਨੇ ਭਰਵੀਂ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ।

ਇਸ ਮੌਕੇ ਮੀਟਿੰਗ ਵਿੱਚ ਫਿਰੋਜ਼ਪੁਰ ਰੇਂਜ ਪ੍ਰਧਾਨ ਬਚਨ ਸਿੰਘ, ਜਸਵਿੰਦਰ ਰਾਜ ਸ਼ਰਮਾ ਰੇਂਜ ਪ੍ਰਧਾਨ ਜ਼ੀਰਾ, ਜਸਵਿੰਦਰ ਸਿੰਘ ਪੰਨੂੰ ਬਲਾਕ ਪ੍ਰਧਾਨ ਜ਼ੀਰਾ, ਜਨਰਲ ਸਕੱਤਰ ਗੁਰਪਿੰਦਰ ਸਿੰਘ, ਖਜ਼ਾਨਚੀ ਸੂਰਤ ਸਿੰਘ, ਸੀਨੀਅਰ ਮੀਤ ਕੁਲਵੰਤ ਸਿੰਘ, ਮਨਜੀਤ ਸਿੰਘ, ਮੀਤ ਪ੍ਰਧਾਨ ਰੂਲਿਆ ਰਾਮ, ਪ੍ਰੈੱਸ ਸਕੱਤ

24 - February - Page - 3.qxd 2/23/2025 9:29 PM Page 1

ਖਾਲਸਾ ਕਾਲਜ ਤੇ ਕਾਲਜੀਏਟ ਮਹਿਤਾ ਵਿਖੇ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਅਤੇ ਕਾਲਜੀਏਟ ਵਿਖੇ ਵਿੱਦਿਅਕ ਅਤੇ ਸੱਭਿਆਚਾਰਕ ਮੰਚ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ ਗਿਆ। ਜਿਸ ਵਿੱਚ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ ਬਾਰੇ ਚਾਨਣਾ ਪਾਇਆ।ਵਿਦਿਆਰਥੀਆਂ ਨੇ ਸੁੰਦਰ ਲਿਖਾਈ, ਸਲੋਗਨ, ਭਾਸ਼ਣ, ਕਵਿਤਾਵਾਂ ਅਤੇ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਗੀਤ ਪੇਸ਼ ਕੀਤੇ। ਜਿਸ ਵਿੱਚ ਸੁੰਦਰ ਲਿਖਾਈ ਮੁਕਾਬਲੇ ਵਿੱਚ ਸ਼ਬਨਮਦੀਪ ਕੌਰ ਬੀ.ਸੀ.ਏ ਸਮੈਸਟਰ ਚੌਥਾ, ਰੌਸ਼ਨੀ ਬੀ.ਸੀ.ਏ ਸਮੈਸਟਰ ਦੂਜਾ, ਮਨਦੀਪ ਕੌਰ ਬੀ.ਕਾਮ ਸਮੈਸਟਰ ਚੌਥਾ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸਲੋਗਨ ਮੁਕਾਬਲੇ ਵਿੱਚ ਮਨਪ੍ਰੀਤ ਕੌਰ ਬੀ.ਸੀ.ਏ ਸਮੈਸਟਰ ਛੇਵਾਂ, ਚਾਂਦਨੀ ਬੀ.ਸੀ.ਏ ਸਮੈਸਟਰ ਚੌਥਾ, ਕਿਰਨਪ੍ਰੀਤ ਕੌਰ ਬੀ.ਸੀ.ਏ ਸਮੈਸਟਰ ਦੂਜਾ ਅਤੇ ਜਸ਼ਨਪ੍ਰੀਤ ਕੌਰ ਬੀ.ਕਾਮ ਸਮੈਸਟਰ ਚੌਥਾ ਦੀ ਵਿਦਿਆਰਥਣ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ।ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਅੰਤਰਰਾਸ਼ਟਰੀ ਪੰਜਾਬੀ ਮਾਂ ਬੋਲੀ ਦਿਵਸ ਦੀ ਸਭ ਨੂੰ ਮੁਬਾਰਕਬਾਦ ਦਿੰਦੇ ਹੋਏ ਮਾਂ ਬੋਲੀ ਪੰਜਾਬੀ ਨੂੰ ਗੁਰੂਆਂ ਤੇ ਸੰਤਾਂ ਦੀ ਭਾਸ਼ਾ ਦੱਸਿਆ। ਪੰਜਾਬੀ ਬੋਲੀ ਦਾ ਵਿਕਾਸ ਕਰਨ ਵਿੱਚ ਜਿੱਥੇ ਸਮੇਂ ਸਮੇਂ 'ਤੇ ਅਨੇਕਾਂ ਨਾਮਵਰ ਸਾਹਿਤਕਾਰਾਂ, ਕਵੀਆਂ, ਪੀਰਾਂ-ਫਕੀਰਾਂ, ਸੂਫੀਆਂ, ਰਹਿਬਰਾਂ ਅਤੇ ਗੀਤਕਾਰਾਂ ਨੇ ਆਪੋ ਆਪਣੀ ਸਮਰੱਥਾ ਤੇ ਸ਼ਕਤੀ ਅਨੁਸਾਰ ਯੋਗਦਾਨ ਪਾਇਆ ਤੇ ਪੰਜਾਬੀ ਮਾਂ ਬੋਲੀ ਦੀ ਰੱਜਵੀਂ ਸੇਵਾ ਕੀਤੀ, ਜਿਸ ਦੀ ਬਦੌਲਤ ਪੰਜਾਬੀ ਮਾਂ ਬੋਲੀ ਦੁਨੀਆ ਦੇ ਕੋਨੇ-ਕੋਨੇ ਵਿੱਚ ਫੈਲ ਚੁੱਕੀ ਹੈ ਪਰ ਜੋ ਸਤਿਕਾਰ ਪੰਜਾਬੀ ਮਾਂ ਬੋਲੀ ਨੂੰ ਆਪਣੇ ਘਰ ਤੋਂ ਮਿਲਣਾ ਚਾਹੀਦਾ ਸੀ ਉਹ ਦਿਨੋ ਦਿਨ ਘਟ ਰਿਹਾ। ਹੋਰ ਭਾਸ਼ਾਵਾਂ ਸਿੱਖਣਾ ਮਾੜੀ ਗੱਲ ਨਹੀਂ ਪਰ ਆਪਣੀ ਪੰਜਾਬੀ ਮਾਂ ਬੋਲੀ ਨੂੰ ਵਿਸਾਰ ਦੇਣਾ ਜ਼ਰੂਰ ਗਲਤ ਹੈ। ਉਹਨਾਂ ਨੇ ਵਿਦਿਆਰਥੀਆਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਕਿ ਅਸੀਂ ਸਾਰੇ ਪੰਜਾਬੀ ਮਾਂ ਬੋਲੀ ਨਾਲ ਵੱਧ ਤੋਂ ਵੱਧ ਪਿਆਰ ਕਰੀਏ ਤੇ ਇਸ ਤੇ ਵਿਕਾਸ ਲਈ ਆਪਣਾ ਬਣਦਾ ਯੋਗਦਾਨ ਪਾ ਕੇ ਪੰਜਾਬੀ ਮਾਂ ਬੋਲੀ ਦਾ ਕਰਜ਼ਾ ਉਤਾਰੀਏ।ਇਸ ਮੌਕੇ ਕਾਲਜ ਦੇ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਮੈਡਮ ਕੁਲਦੀਪ ਕੌਰ, ਸੁਖਦੇਵ ਸਿੰਘ, ਯਾਦਵਿੰਦਰ ਸਿੰਘ, ਸੁਖਜੀਤ ਸਿੰਘ, ਮਨਜੀਤ ਕੌਰ, ਗੁਰਵਿੰਦਰ ਕੌਰ, ਗੁਰਸ਼ਰਨਜੀਤ ਕੌਰ, ਸੁਪਰੀਤ ਕੌਰ, ਨਵਨੀਤ ਕੌਰ, ਰੁਪਿੰਦਰ ਕੌਰ, ਪੂਰਤੀ ਸ਼ਰਮਾ, ਅਮਨਦੀਪ ਕੌਰ, ਸੁਖਮਨਦੀਪ ਕੌਰ, ਮਨਪ੍ਰੀਤ ਕੌਰ, ਬਲਜੀਤ ਕੌਰ, ਅਮਨਦੀਪ ਕੌਰ, ਰਿਤਿਕਾ, ਕਾਬਲ ਸਿੰਘ ਆਦਿ ਵੀ ਸ਼ਾਮਲ ਸਨ।

ਪੀੜਤ ਨੌਜਵਾਨ ਦੇ ਹੱਕ 'ਚ ਨਿੱਤਰੀ ਗੁਰੂ ਕੇ ਬੇਟੇ ਸਿੰਘ ਸਭਾ ਪੰਜਾਬ ਦੀ ਜਥੇਬੰਦੀ

ਬਾਬਾ ਬਕਾਲਾ ਸਾਹਿਬ, (ਜਸਪਾਲ ਸਿੰਘ)- ਜੋਗਾ ਸਿੰਘ ਵਡਾਲਾ ਸੂਬਾ ਪ੍ਰਧਾਨ ਗੁਰੂ ਕੇ ਬੇਟੇ ਸਿੰਘ ਸਭਾ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿੰਡ ਪੰਡੋਰੀ ਵੜੈਚ ਦੇ ਪੀੜਤ ਲਖਵਿੰਦਰ ਸਿੰਘ ਪੁੱਤਰ ਤਾਰਾ ਸਿੰਘ ਨੇ ਗੁਰੂ ਕੇ ਬੇਟੇ ਸਿੰਘ ਸਭਾ ਪੰਜਾਬ ਦੇ ਕਨਵੀਨਰ ਕਸ਼ਮੀਰ ਸਿੰਘ ਭੁਲੱਥ ਅਤੇ ਦਾਸ ਵਡਾਲਾ ਨੂੰ ਆਪਣਾ ਹਲਫੀਆ ਬਿਆਨ ਦੇ ਕੇ ਆਪਣੀ ਹੱਡਬੀਤੀ ਸੁਣਾਉਂਦੇ ਹੋਏ ਦੱਸਿਆ ਕਿ ਉਸ ਦੀਆਂ ਦੋਹਾਂ ਲੱਤਾਂ ਨੂੰ ਪੋਲੀਓ ਹੋਇਆ ਹੈ ਅਤੇ ਉਹ ਬਿਨਾਂ ਕਿਸੇ ਵਹੀਕਲ ਦੇ ਚੱਲ ਫਿਰ ਨਹੀਂ ਸਕਦਾ ਅਤੇ ਸਾਡੇ ਪਿੰਡ ਦੇ ਕੁਝ ਗੁੰਡਾਗਰਦੀ ਕਰਨ ਵਾਲੇ ਅਨਸਰਾਂ ਨੇ ਕੁਝ ਦਿਨ ਪਹਿਲਾਂ ਮੇਰੇ ਲੜਕੇ ਨੂੰ ਰਸਤੇ ਵਿੱਚ ਘੇਰ ਕੇ ਕੁੱਟਮਾਰ ਕਰਦਿਆਂ, ਉਸ ਦਾ ਮੋਬਾਇਲ ਖੋਹਣ ਦੀ ਕੋਸ਼ਿਸ਼ ਕੀਤੀ ਅਤੇ ਜਦ ਉਹ ਭੱਜ ਗਿਆ ਤਾਂ ਉਸ ਦਾ ਮੋਟਰ ਸਾਈਕਲ ਤੋੜ ਦਿੱਤਾ। ਇਸ ਦੀ ਘਟਨਾ ਮੈਂ ਤੁਰੰਤ ਸਬੰਧਤ ਚੌਕੀ ਵਿੱਚ ਕੀਤੀ ਜਿਸ 'ਤੇ ਗੁੰਡਾਗਰਦੀ ਕਰਨ ਵਾਲੇ ਅਨਸਰਾਂ ਵਿੱਚੋਂ ਦੋ ਵਿਅਕਤੀ ਫੜ ਲਏ ਅਤੇ ਕੋਈ ਕਾਰਵਾਈ ਨਹੀਂ ਹੋਈ, ਉਲਟਾ ਸਾਡੇ ਹੀ ਕੁਝ ਵਿਅਕਤੀ ਹਵਾਲਾਤੇ ਦੇ ਦਿੱਤੇ। ਹੁਣ ਕੁਝ ਦਿਨ ਪਹਿਲਾਂ ਪਿੰਡ ਦੀ ਫਿਰਨੀ ਕੋਲ ਜਬਰੀ ਘੇਰ ਲਿਆ ਅਤੇ ਮੇਰੀ ਕੁੱਟਮਾਰ ਕਰਕੇ ਤੇਜ਼ਧਾਰ ਹਥਿਆਰ ਨਾਲ ਸੱਟਾਂ ਮਾਰੀਆਂ। ਚੌਕੀ ਬੱਲ ਕਲਾਂ ਹੋਣ ਦੇ ਬਾਵਜੂਦ ਅੱਜ ਤੱਕ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ।ਪ੍ਰਧਾਨ ਵਡਾਲਾ ਨੇ ਕਿਹਾ ਕਿ 24 ਫਰਵਰੀ ਨੂੰ ਇਸ ਕਚਹਿਰੀ ਚੌਕ ਵਿੱਚ ਇਸ ਸਬੰਧੀ ਸਮੂਹ ਜਥੇਬੰਦੀਆਂ ਵੱਲੋਂ ਧਰਨਾ ਦਿੱਤਾ ਜਾ ਰਿਹਾ ਹੈ । ਇਸ ਮੌਕੇ ਹਰਮਨਪ੍ਰੀਤ ਸਿੰਘ ਵਡਾਲਾ ਅਤੇ ਪਤਵੰਤੇ ਸੱਜਣ ਮੌਜੂਦ ਸਨ ।

ਆਰ ਡੀ ਖੋਸਲਾ ਸਕੂਲ 'ਚ ਸਟੈਮ ਰੋਬੋਟ ਤੇ ਏ ਆਈ ਪ੍ਰੋਜੈਕਟ 'ਤੇ ਵਿਸ਼ੇਸ਼ ਪ੍ਰਦਰਸ਼ਨੀ

ਬਟਾਲਾ (ਤਰਲੋਕ ਬੱਗਾ)- ਆਰ.ਡੀ.ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਨਵੀਆਂ ਕਾਢਾਂ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਪ੍ਰਦਰਸ਼ਨੀ ਲਗਾਈ ਗਈ।ਇਸ ਪ੍ਰਦਰਸ਼ਨੀ ਵਿੱਚ ਸਟੈਮ ਰੋਬੋਟ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ (19) ਪ੍ਰੋਜੈਕਟ ਪੇਸ਼ ਕੀਤੇ ਗਏ ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰਸੀਪਲ ਡਾ. ਬਿੰਦੂ ਭੱਲਾ ਅਤੇ ਪ੍ਰਬੰਧਕੀ ਕਮੇਟੀ ਮੈਂਬਰਾਂ ਮੋਨਿਕਾ ਖੋਸਲਾ ਅਤੇ ਮਨੀਸ਼ਾ ਖੋਸਲਾ ਨੇ ਇਸ ਪ੍ਰਦਰਸ਼ਨੀ ਵਿੱਚ ਸ਼ਿਰਕਤ ਕੀਤੀ। ਵਿਦਿਆਰਥੀਆਂ ਨੇ ਪੇਰੀਸਕੋਪ, ਮੋਟਰ ਰਾਫਟ, ਸਮਾਰਟ ਬਾਕਸ, ਡਾਂਸਿੰਗ ਕਾਰ, ਰਾਡਾਰ, ਵ੍ਹੀਲਚੇਅਰ, ਐਰੋ ਲਾਂਚਰ ਗੀਅਰ ਕਾਰ, ਪਲਾਵਿੰਗ ਕਾਰ, ਰੁਕਾਵਟ ਤੋਂ ਬਚਣ ਵਾਲੀ ਕਾਰ, ਕੈਲੀਡੋਸਕੋਪ, ਮਟੀਰੀਅਲ ਲਿਫਟਰ, ਜੈਸਚਰ ਸੈਂਸਰ, ਪਿਨਹੋਲ ਕੈਮਰਾ, 3ਡੀ ਹੋਲੋਗ੍ਰਾਮ, ਫਿਊਚਰ ਕਾਰਲ ਫਲਾਇੰਗ, 3 ਡੀ ਹੋਲੋਗ੍ਰਾਮ, ਫਿਊਚਰ ਕਾਰਲ ਕਾਨਡਰਾ ਆਦਿ ਵਿੱਚ ਪ੍ਰਦਰਸ਼ਨ ਕੀਤਾ।ਇਸ ਦੇ ਨਾਲ ਹੀ ਏ.ਆਈ. ਪ੍ਰੋਜੈਕਟਾਂ ਨੇ ਮਸ਼ੀਨ ਸਿਖਲਾਈ ਅਤੇ ਆਟੋਮੇਸ਼ਨ ਨਾਲ ਸਬੰਧਤ ਮਾਡਲ ਪੇਸ਼ ਕੀਤੇ, ਜੋ ਸਿੱਖਿਆ, ਸਿਹਤ ਅਤੇ ਰੋਜ਼ਾਨਾ ਦੇ ਕੰਮਾਂ ਨੂੰ ਸਰਲ ਬਣਾਉਣ ਵਿੱਚ ਮਦਦ ਕਰ ਸਕਦੇ ਹਨ। ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਕਿਹਾ ਕਿ ਅਜਿਹੀਆਂ ਪ੍ਰਦਰਸ਼ਨੀਆਂ ਵਿਦਿਆਰਥੀਆਂ ਦੀ ਸਿਰਜਣਾਤਮਕਤਾ ਅਤੇ ਤਕਨੀਕੀ ਹੁਨਰ ਨੂੰ ਉਤਸ਼ਾਹਤ ਕਰਦੀਆਂ ਹਨ। ਰੋਬੋਟ ਨਾਲ ਕੰਮ ਕਰਕੇ ਵਿਦਿਆਰਥੀ ਵਿਗਿਆਨ, ਟੈਕਨਾਲੋਜੀ, ਇੰਜਨੀਅਰਿੰਗ ਅਤੇ ਗਣਿਤ ਨਾਲ ਪ੍ਰੈਕਟੀਕਲ ਅਤੇ ਰੋਮਾਂਚਕ ਢੰਗ ਨਾਲ ਜੁੜ ਸਕਦੇ ਹਨ।ਇਸ ਸਮਾਗਮ ਵਿੱਚ ਸਕੂਲ ਪ੍ਰਬੰਧਕਾਂ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਮਨਪ੍ਰੀਤ ਕੌਰ, ਮਿੰਨਾ, ਕਰਨ, ਅਭਿਸ਼ੇਕ, ਰੇਨਿਕਾ, ਸੁਕਸ਼ਮ ਦੀ ਇਸ ਸਫ਼ਲਤਾ ਦੀ ਸ਼ਲਾਘਾ ਕੀਤੀ

ਖਾਲਸਾ ਕਾਲਜ ਤੇ ਕਾਲਜੀਏਟ ਮਹਿਤਾ ਵਿਖੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਅਤੇ ਕਾਲਜੀਏਟ ਵਿਖੇ ਵਿੱਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ।ਇਸ ਦੌਰਾਨ ਸਕੂਲ ਦੀਆਂ ਜੂਨੀਅਰ ਜਮਾਤਾਂ ਦੇ ਬੱਚਿਆਂ ਨੇ ਆਪਣੇ ਸੀਨੀਅਰ ਸਹਿਯੋਗੀਆਂ ਲਈ ਵਿਸ਼ੇਸ਼ ਤੌਰ 'ਤੇ ਕੀਰਤਨ ਕਰਕੇ ਉਹਨਾਂ ਦੇ ਭਵਿੱਖ ਲਈ ਅਰਦਾਸਾਂ ਬੇਨਤੀਆਂ ਕੀਤੀਆਂ। ਭਾਸ਼ਣ, ਕਵਿਤਾਵਾਂ ਅਤੇ ਚੁਟਕਲਿਆਂ ਨੇ ਸਾਰੇ ਮਾਹੌਲ ਵਿੱਚ ਮਿੱਠਾ ਰਸ ਭਰ ਦਿੱਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਨੇ ਵਿਦਾਇਗੀ ਦਿੰਦਿਆਂ ਵਿਦਿਆਰਥੀਆਂ ਨੂੰ ਸਿੱਖਿਆ ਦੀ ਅਹਿਮੀਅਤ ਸਮਝਾਈ ਅਤੇ ਭਵਿੱਖ ਵਿੱਚ ਵਿਚਰਨ ਲਈ ਤਜਰਬੇਕਾਰ ਗੱਲਾਂ ਦੱਸੀਆਂ। ਉਹਨਾਂ ਨੂੰ ਪ੍ਰੀਖਿਆਵਾਂ ਲਈ ਕਠਿਨ ਮਿਹਨਤ ਕਰਕੇ ਚੰਗੇ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।ਇਸ ਉਪਰੰਤ ਮੌਕੇ 'ਤੇ ਮੌਜੂਦ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ ਨੂੰ ਸਨਮਾਨਤ ਕੀਤਾ ਗਿਆ। ਇਸ ਤੋਂ ਬਾਅਦ ਸੁਖਦੇਵ ਸਿੰਘ ਨੇ ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ, ਸਕੂਲ ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਸਮੂਹ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਨ ਅਤੇ ਬੁਲੰਦੀਆਂ ਹਾਸਲ ਕਰਨ ਲਈ ਦੁਆਵਾਂ ਦਿੱਤੀਆਂ।

ਪੀਰ ਬਾਬਾ ਲੱਖ ਦਾਤਾ ਯਾਦਗਾਰੀ ਸੱਭਿਆਚਾਰਕ ਮੇਲੇ 'ਚ ਗਿੱਲ ਬਲਕਾਰ ਤੇ ਬਾਗੀ ਨੇ ਦਰਸ਼ਕ ਕੀਲੇ

ਚੇਤਨਪੁਰਾ (ਸੁਖਵੰਤ ਚੇਤਨਪੁਰੀ)- ਅੰਮ੍ਰਿਤਸਰ ਦੀ ਅਜਨਾਲਾ ਤਹਿਸੀਲ ਦੇ ਪਿੰਡ ਖਤਰਾਏ ਕਲਾਂ ਵਿਖੇ ਪੀਰ ਬਾਬਾ ਲੱਖ ਦਾਤਾ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ ਪੂਰੀ ਧੂਮ ਧਾਮ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਰਪੰਚ ਨਿਸ਼ਾਨ ਸਿੰਘ ਸ਼ਾਹ, ਸਾਬਕਾ ਸਰਪੰਚ ਗੁਰਬਚਨ ਸਿੰਘ, ਸਾਬਕਾ ਸਰਪੰਚ ਦਲਜੀਤ ਸਿੰਘ ਅਤੇ ਸਾਬਕਾ ਸਰਪੰਚ ਗੁਰਨਾਮ ਸਿੰਘ ਸੱਲੋਦੀਨ ਦੇ ਸੁਚੱਜੇ ਪ੍ਰਬੰਧਾਂ ਹੇਠ ਕਰਵਾਇਆ ਗਿਆ ਇਹ ਮੇਲਾ ਯਾਦਗਾਰੀ ਹੋ ਨਿੱਬੜਣ ਦੇ ਨਾਲ ਨਾਲ ਆਪਣੀਆਂ ਅਮਿੱਟ ਯਾਦਾਂ ਛੱਡ ਗਿਆ। ਇੱਸ ਮੇਲੇ ਵਿੱਚ ਐਨ ਆਰ ਆਈ ਵੀਰਾਂ, ਇਲਾਕੇ ਅਤੇ ਸਮੂਹ ਨਗਰ ਨਿਵਾਸੀਆਂ ਵੱਲੋਂ ਪੂਰਾ ਸਹਿਯੋਗ ਅਤੇ ਯੋਗਦਾਨ ਪਾਇਆ ਗਿਆ। ਸਵੇਰੇ ਪ੍ਰਬੰਧਕਾਂ ਵੱਲੋਂ ਬਾਬਾ ਜੀ ਦੀ ਮਜ਼ਾਰ ਉੱਪਰ ਚਾਦਰ ਚੜ੍ਹਾਉਣ ਦੀ ਰਸਮ ਉਪਰੰਤ ਖੁੱਲ੍ਹੇ ਅਖਾੜੇ ਦਾ ਆਰੰਭ ਕੀਤਾ ਗਿਆ। ਗਾਇਕੀ ਦੇ ਖੁੱਲ੍ਹੇ ਅਖਾੜੇ ਦੌਰਾਨ ਨਾਮਵਰ ਪੰਜਾਬੀ ਲੋਕ ਗਾਇਕ ਬਾਗੀ, ਦੋਗਾਣਾ ਜੋੜੀ ਗਿੱਲ ਬਲਕਾਰ-ਬੀਬਾ ਸਤਿੰਦਰ ਗਿੱਲ, ਪ੍ਰੀਤ ਰਾਜਾ, ਯੁਵਰਾਜ-ਬਲਰਾਜ ਬੁਦਰਜ਼ ਅਤੇ ਗੁਰਵਿੰਦਰ ਝੰਡੇਰ ਤੋਂ ਇਲਾਵਾ ਹੋਰ ਵੀ ਕਈ ਕਲਾਕਾਰਾਂ ਨੇ ਆਪਣੇ ਗੀਤਾਂ ਦੁਆਰਾ ਸਰੋਤਿਆਂ ਨੂੰ ਘੰਟਿਆਂ ਬੱਧੀ ਮੰਤਰ ਮੁਗਧ ਕਰੀ ਰੱਖਿਆ। ਮੇਲੇ ਦੌਰਾਨ ਸਾਬਕਾ ਵਿਧਾਇਕ ਅਤੇ ਜ਼ਿਲ੍ਹਾ ਕਾਂਗਰਸ ਦਿਹਾਤੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੋਧ ਸਿੰਘ ਸਮਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਹਰਪ੍ਰਤਾਪ ਸਿੰਘ ਅਜਨਾਲਾ ਨੇ ਇਸ ਸਮੇਂ ਕਿਹਾ ਕਿ ਸਾਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਹੋ ਜਿਹੇ ਸਮਾਗਮ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ। ਇਸ ਦੌਰਾਨ ਮੇਲਾ ਪ੍ਰਬੰਧਕ ਕਮੇਟੀ ਵੱਲੋਂ ਆਏ ਹੋਏ ਕਲਾਕਾਰਾਂ, ਪੱਤਰਕਾਰਾਂ ਅਤੇ ਪ੍ਰਮੁੱਖ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਸਾਬਕਾ ਸਰਪੰਚ ਦਲਜੀਤ ਸਿੰਘ, ਸਾਬਕਾ ਸਰਪੰਚ ਗੁਰਨਾਮ ਸਿੰਘ ਸੱਲੋਦੀਨ, ਸਾਬਕਾ ਸਰਪੰਚ ਗੁਰਬਚਨ ਸਿੰਘ, ਸਮਾਜ ਸੇਵੀ ਅਮਨਦੀਪ ਸਿੰਘ, ਸਾਬਕਾ ਸਰਪੰਚ ਗੁਲਜਾਰ ਸਿੰਘ, ਧੰਨਬੀਰ ਸਿੰਘ ਸਰਕਾਰੀਆ, ਪ੍ਰਧਾਨ ਗੁਰਵਿੰਦਰ ਸਿੰਘ, ਗਿੰਦੂ ਤੇੜਾ, ਰਾਜਵਿੰਦਰ ਹੁੰਦਲ, ਸ਼ਰਨਜੀਤ ਸਿੰਘ ਗਿੱਲ, ਕੁਲਦੀਪ ਸੰਤੂਨੰਗਲ, ਸੁਖਵੰਤ ਚੇਤਨਪੁਰੀ, ਪੱਤਰਕਾਰ ਰਕੇਸ਼ ਭੱਟੀ, ਗੁਰਜੰਟ ਗਿੱਲ, ਗੁਰਪ੍ਰੀਤ ਸਿੰਘ, ਬਾਬਾ ਕਸ਼ਮੀਰ ਸਿੰਘ, ਨੰਬਰਦਾਰ ਹਰਪਾਲ ਸਿੰਘ, ਮੈਂਬਰ ਭਗਵੰਤ ਸਿੰਘ, ਕਾਕੂ ਮਾਸਟਰ ਖਤਰਾਏ ਕਲਾਂ,ਹਰਪਾਲ ਸਿੰਘ, ਕੁਲਵਿੰਦਰ ਸਿੰਘ, ਬਲਜਿੰਦਰ ਸਿੰਘ, ਜੋਗਿੰਦਰ ਸਿੰਘ, ਲਵਪ੍ਰੀਤ ਸਿੰਘ, ਸੁਖਵਿੰਦਰ ਸਿੰਘ ਦੋਧੀ, ਹਰਜਿੰਦਰ ਸਿੰਘ ਬੱਸ ਵਾਲਾ, ਪੂਰਨ ਸਿੰਘ ਨੌਹਰੀਆ, ਲਖਬੀਰ ਸਿੰਘ ਬਰਾੜ, ਪ੍ਰਕਾਸ਼ ਸਿੰਘ ਬਾਠ, ਲਖਵਿੰਦਰ ਸਿੰਘ ਕਾਲੂ, ਰਵੀ, ਅਜਮੇਰ ਸਿੰਘ ਗੋਪੀ ਮੈਂਬਰ, ਹਰਜਾਪ ਨੌਹਰੀਆ, ਗੁਰਬਖਸ਼ ਸਿੰਘ ਫੌਜੀ, ਬਾਬਾ ਲੱਖਾ ਸਿੰਘ, ਹਰਜਿੰਦਰ ਸਿੰਘ ਕੰਬਾਈਨ ਵਾਲਾ, ਮਨਬੀਰ ਮੰਨੂ, ਡਾ: ਬਲਜਿੰਦਰ ਸਿੰਘ, ਏਐਸਆਈ ਹਰਜਿੰਦਰ ਸਿੰਘ, ਬਲਬੀਰ ਸਿੰਘ ਡਰਾਈਵਰ, ਸਾਹਿਬ ਸਿੰਘ ਠੇਕੇਦਾਰ ਆਦਿ ਹਾਜ਼ਰ ਸਨ।ਆਖਰ 'ਤੇ ਸਰਪੰਚ ਨਿਸ਼ਾਨ ਸਿੰਘ ਸਾਹ ਅਤੇ ਗੁਰਨਾਮ ਸਿੰਘ ਸੱਲੋਦੀਨ ਵਲੋਂ

ਨਵਾਂ ਜ਼ਮਾਨਾ
ਸੋਮਵਾਰ, 24 ਫ਼ਰਵਰੀ 2025

ਕਿਸਾਨਾਂ ਤੋਂ ਬਾਅਦ ਵਕੀਲਾਂ ਦੀ ਫਤਿਹ

ਕੇਂਦਰ ਸਰਕਾਰ ਵਕੀਲਾਂ ਬਾਰੇ ਸੋਧ ਬਿੱਲ-2025 'ਤੇ ਨਜ਼ਰਸਾਨੀ ਕਰਨ ਲਈ ਸਹਿਮਤ ਹੋ ਗਈ ਹੈ। ਦੇਸ਼ ਭਰ ਦੇ ਵਕੀਲ ਇਸ ਬਿੱਲ ਵਿਰੁੱਧ ਉੱਬਲੇ ਪਏ ਸਨ, ਕਿਉਂਕਿ ਇਸ ਨੇ ਉਨ੍ਹਾਂ ਤੇ ਬਾਰ ਕੌਂਸਲ ਆਫ ਇੰਡੀਆ (ਬੀ ਸੀ ਆਈ) ਦੀ ਆਜ਼ਾਦੀ ਨੂੰ ਜ਼ਬਰਦਸਤ ਖੋਰਾ ਲਾਉਣਾ ਸੀ। ਮੋਦੀ ਸਰਕਾਰ ਨੇ ਇਹ ਫੈਸਲਾ ਜ਼ਿਲ੍ਹਾ ਕੋਰਟਾਂ ਦੇ ਵਕੀਲਾਂ ਵੱਲੋਂ ਅਣਮਿੱਥੇ ਸਮੇਂ ਦੀ ਹੜਤਾਲ ਸ਼ੁਰੂ ਕਰਨ ਦੇ ਐਲਾਨ ਦੇ ਪਿਛੋਕੜ ਵਿੱਚ ਕੀਤਾ ਹੈ। ਜ਼ਿਲ੍ਹਿਆਂ ਦੇ ਵਕੀਲਾਂ ਤੋਂ ਬਾਅਦ ਅੰਦੋਲਨ ਮੁਲਕਗੀਰ ਹੜਤਾਲ ਵਿੱਚ ਬਦਲ ਜਾਣਾ ਸੀ, ਕਿਉਂਕਿ ਦਿੱਲੀ ਹਾਈ ਕੋਰਟ ਬਾਰ ਐਸੋਸੀਏਸ਼ਨ ਨੇ ਹੜਤਾਲ ਦਾ ਸੱਦਾ ਦੇ ਦਿੱਤਾ ਸੀ। ਹਾਲਾਂਕਿ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਿੱਜੀ ਦਖਲ ਨਾਲ ਇਹ ਫੈਸਲਾ ਲਿਆ ਗਿਆ ਹੈ, ਪਰ ਇਹ ਕਿਸਾਨਾਂ ਵੱਲੋਂ ਦੇਸ਼ ਵਿਆਪੀ ਪ੍ਰੋਟੈਸਟ ਨਾਲ ਮੁੜਵਾਏ ਗਏ ਤਿੰਨ ਕਾਲੇ ਖੇਤੀ ਕਾਨੂੰਨਾਂ ਵਰਗਾ ਹੀ ਫੈਸਲਾ ਹੈ।

ਬੀ ਸੀ ਆਈ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਕੋਲ ਵਕੀਲ ਭਾਈਚਾਰੇ ਦੀਆਂ ਚਿੰਤਾਵਾਂ ਲਗਾਤਾਰ ਉਠਾ ਰਹੀ ਸੀ। ਮੰਤਰੀ ਨੇ ਭਰੋਸਾ ਦਿਵਾਇਆ ਹੈ ਕਿ ਸਾਰੇ ਵਿਵਾਦਤ ਮੁੱਦਿਆਂ 'ਤੇ ਖੁੱਲ੍ਹਾ ਵਿਚਾਰ ਕਰਕੇ ਹੀ ਬਿੱਲ ਨੂੰ ਅੰਤਮ ਰੂਪ ਦਿੱਤਾ ਜਾਵੇਗਾ। ਅਜਿਹੀ ਕੋਈ ਮੱਦ ਲਾਗੂ ਨਹੀਂ ਕੀਤੀ ਜਾਵੇਗੀ, ਜਿਹੜੀ ਲੀਗਲ ਪ੍ਰੋਫੈਸ਼ਨ ਦੀ ਖੁਦਮੁਖਤਿਆਰੀ, ਆਜ਼ਾਦੀ ਤੇ ਵਕਾਰ ਨੂੰ ਢਾਹ ਲਾਉਂਦੀ ਹੋਵੇ। ਮੰਤਰੀ ਦੇ ਭਰੋਸੇ ਤੋਂ ਬਾਅਦ ਬੀ ਸੀ ਆਈ ਨੇ ਸਾਰੀਆਂ ਬਾਰ ਐਸੋਸੀਏਸ਼ਨਾਂ ਨੂੰ ਕਿਹਾ ਹੈ ਕਿ ਉਹ ਫਿਲਹਾਲ ਪ੍ਰੋਟੈਸਟ ਤੇ ਹੜਤਾਲਾਂ ਬਾਰੇ ਨਾ ਸੋਚਣ। ਬੀ ਸੀ ਆਈ ਇਹ ਯਕੀਨੀ ਬਣਾਏਗੀ ਕਿ ਐਡਵੋਕੇਟਸ ਐਕਟ 1961 ਵਿੱਚ ਕੋਈ ਵੀ ਸੋਧ ਢੁੱਕਵੇਂ ਵਿਚਾਰ-ਵਟਾਂਦਰੇ ਅਤੇ ਲੀਗਲ ਭਾਈਚਾਰੇ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਕੀਤੀ ਜਾਵੇ।

ਵਕੀਲਾਂ ਦੀ ਦਲੀਲ ਸੀ ਕਿ ਪ੍ਰਸਤਾਵਤ ਬਿੱਲ 'ਚ ਵਕੀਲਾਂ ਨੂੰ ਆਪਣੀਆਂ ਵਾਜਬ ਮੰਗਾਂ ਉਠਾਉਣ ਲਈ ਬਾਈਕਾਟ ਜਾਂ ਕੰਮ-ਛੋੜ ਅੰਦੋਲਨ ਕਰਨ 'ਤੇ ਸਜ਼ਾ ਦੇਣ ਦਾ ਪ੍ਰਬੰਧ ਹੈ ਅਤੇ ਵਕੀਲਾਂ ਦੀਆਂ ਜਥੇਬੰਦੀਆਂ ਦੀ ਬਣਤਰ, ਪ੍ਰੈਕਟਿਸ ਤੇ ਪ੍ਰਕਿਰਿਆ ਵਿੱਚ ਕਾਫੀ ਸਰਕਾਰੀ ਦਖਲ ਦੀ ਆਗਿਆ ਦਿੰਦਾ ਹੈ। ਦੂਜਾ, ਸਰਕਾਰ ਨੇ ਬਿਨਾਂ ਵਿਚਾਰ-ਵਟਾਂਦਰੇ ਦੇ ਬਿੱਲ ਪਾਸ ਕਰਾਉਣ ਲਈ ਜਿੰਨੀ ਕਾਹਲੀ ਦਿਖਾਈ ਹੈ, ਉਸ ਤੋਂ ਸਾਫ ਹੈ ਕਿ ਉਸ ਦਾ ਇਰਾਦਾ ਵਕੀਲਾਂ ਦੀ ਪ੍ਰੋਫੈਸ਼ਨਲ ਬਾਡੀ 'ਤੇ ਸਰਕਾਰੀ ਕੰਟਰੋਲ ਵਧਾਉਣਾ ਹੈ। ਤੀਜਾ, ਵਿਧਾਨ ਮੰਡਲਾਂ ਵਿੱਚ ਬਿੱਲ ਲਿਆਉਣ ਤੋਂ ਪਹਿਲਾਂ ਦੀ 2014 ਦੀ ਮਸ਼ਵਰਾ ਨੀਤੀ ਵਿੱਚ ਸਾਫ ਕਿਹਾ ਗਿਆ ਹੈ ਕਿ ਕੋਈ ਵੀ ਬਿੱਲ ਲਿਆਉਣ ਤੋਂ ਪਹਿਲਾਂ ਜਨਤਕ ਰਾਇ ਲਈ ਜਾਵੇਗੀ। ਇਸ ਮਾਮਲੇ ਵਿੱਚ ਸਰਕਾਰ ਨੇ ਇਹ ਪ੍ਰਕਿਰਿਆ ਨਹੀਂ ਅਪਣਾਈ ਤੇ ਚਲਾਕੀ ਨਾਲ ਬਿੱਲ ਪਾਸ ਕਰਾਉਣਾ ਚਾਹੁੰਦੀ ਹੈ। ਲੋਕ ਸਭਾ ਵਿੱਚ ਐੱਨ ਡੀ ਏ ਦਾ ਬਹੁਮਤ ਹੈ ਤੇ ਉਸ ਨੇ ਇਸ ਨੂੰ ਪਾਸ ਕਰਵਾ ਲੈਣਾ ਸੀ, ਪਰ ਜਿਵੇਂ ਕਿਸਾਨਾਂ ਨੇ ਕਾਲੇ ਖੇਤੀ ਕਾਨੂੰਨ ਮੁੜਵਾਏ, ਉਸੇ ਤਰ੍ਹਾਂ ਵਕੀਲਾਂ ਨੇ ਮੁਤਹਿਦਾ ਸੰਘਰਸ਼ ਨਾਲ ਬਿੱਲ ਪੇਸ਼ ਹੋਣੋਂ ਰੁਕਵਾ ਦਿੱਤਾ ਹੈ। ਕਿਸਾਨਾਂ ਨਾਲ ਮੋਦੀ ਨੇ ਹੋਰ ਵੀ ਵਾਅਦੇ ਕੀਤੇ ਸਨ, ਪਰ ਉਹ ਨਿਭਾਏ ਨਹੀਂ ਤੇ ਕਿਸਾਨ ਫਿਰ ਅੰਦੋਲਨ ਦੇ ਰਾਹ 'ਤੇ ਹਨ। ਵਕੀਲਾਂ ਨੇ ਇਕ ਬਾਜ਼ੀ ਜਿੱਤ ਲਈ ਹੈ, ਪਰ ਸਰਕਾਰ ਦੀਆਂ ਚਾਲਾਂ ਪ੍ਰਤੀ ਉਨ੍ਹਾਂ ਨੂੰ ਹਮੇਸ਼ਾ ਖਬਰਦਾਰ ਤੇ ਲੋੜ ਪੈਣ 'ਤੇ ਵੱਡੇ ਸੰਘਰਸ਼ ਲਈ ਤਿਆਰ ਰਹਿਣਾ ਪੈਣਾ ਹੈ।

ਮਾਡਲ ਸਟੇਟ ਗੁਜਰਾਤ 'ਚੋਂ ਪਰਵਾਸ ਕਿਉਂ ?

ਮੂਲ : ਕਰਿਸਟੋਫ ਜੈਫਰਲਟ
ਅਨੁਵਾਦ: ਪੁਸ਼ਪਿੰਦਰ

(ਜਵਾਬ ਤਾਂ ਸਧਾਰਨ ਹੀ ਹੈ-ਸਟੇਟ ਵਰ੍ਹਿਆਂ ਤੋਂ ਚੰਗੇ ਰੁਜ਼ਗਾਰ ਪੈਦਾ ਨਹੀਂ ਕਰ ਰਹੀ)

ਇਹ ਖਬਰ ਬਹੁਤ ਗਰਮ ਹੈ ਕਿ ਟਰੰਪ ਪ੍ਰਸ਼ਾਸਨ ਵੱਲੋਂ ਵਾਪਸ ਭੇਜੇ ਗਏ ਭਾਰਤੀਆਂ ਵਿਚੋਂ ਜ਼ਿਆਦਾ ਗਿਣਤੀ ਗੁਜਰਾਤੀਆਂ ਦੀ ਹੈ। ਇਹ ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਵਿਚ ਵਸਦੇ ਗੈਰ-ਕਾਨੂੰਨੀ ਭਾਰਤੀਆਂ ਵਿਚੋਂ ਗੁਜਰਾਤੀ ਲੋਕਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। 2023 ਵਿਚ 67391 ਭਾਰਤੀ ਗੈਰ -ਕਾਨੂੰਨੀ ਤੌਰ ਤੇ ਅਮਰੀਕਾ ਗਏ ਸਨ, ਜਿਹਨਾਂ ਵਿਚੋਂ 41330 ਗੁਜਰਾਤੀ ਮੂਲ ਦੇ ਸਨ। ਇਹ ਗੁਜਰਾਤੀ ਲੋਕ ਜੋ ਖਤਰੇ ਸਹੇੜਦੇ ਹਨ, ਉਹ ਵੀ ਛੋਟੇ ਨਹੀਂ ਹਨ। 2022 ਵਿਚ ਗੁਜਰਾਤ ਦੇ ਦਿੰਗੂਚਾ ਪਿੰਡ ਦੇ ਵਸਨੀਕ ਜਗਦੀਸ਼ ਪਟੇਲ ਨੇ ਆਪਣੀ ਪਤਨੀ ਅਤੇ ਦੋ ਬੇਟਿਆਂ ਸਮੇਤ ਅਮਰੀਕਾ ਜਾਣ ਦੀ ਕੋਸ਼ਿਸ਼ ਕੀਤੀ ਸੀ, ਪਰ ਅਮਰੀਕਾ-ਕੈਨੇਡਾ ਸਰਹੱਦ 'ਤੇ ਬਰਫੀਲੇ ਤੂਫਾਨ ਦੀ ਲਪੇਟ ਵਿਚ ਆ ਗਏ ਤੇ ਸਾਰੇ ਬਰਫ ਵਿਚ ਦੱਬੇ ਗਏ।

ਗੁਜਰਾਤੀ ਲੋਕ ਸਦੀਆਂ ਤੋਂ ਅਫਰੀਕਾ ਦੀ ਯਾਤਰਾ 'ਤੇ ਜਾ ਰਹੇ ਹਨ ਅਤੇ ਉਸ ਤੋਂ ਅੱਗੇ ਪੱਛਮ ਵੱਲ ਚਲੇ ਜਾਂਦੇ ਰਹੇ ਹਨ, ਪਰ ਉਹ ਗੈਰ-ਕਾਨੂੰਨੀ ਤੌਰ 'ਤੇ ਨਹੀਂ ਜਾਂਦੇ ਸਨ। ਕਾਫੀ ਦੇਰ ਤੋਂ ਗੁਜਰਾਤ ਇੱਕ ਅਮੀਰ ਸੂਬਾ ਮੰਨਿਆ ਜਾ ਰਿਹਾ ਹੈ, ਸਗੋਂ 'ਮਾਡਲ ਸਟੇਟ' ਵਜੋਂ ਪਰਚਾਰਿਆ ਜਾਂਦਾ ਹੈ ਤਾਂ ਫਿਰ ਕਿਉਂ ਭਾਰਤ ਦੇ ਇਸ ਅਮੀਰ ਪ੍ਰਾਂਤ ਨੂੰ ਐਨੀ ਵੱਡੀ ਗਿਣਤੀ ਲੋਕ ਛੱਡ ਕੇ ਜਾ ਰਹੇ ਹਨ ਅਤੇ ਉਹ ਵੀ ਚੋਰੀ ਛੁਪੇ-ਪ੍ਰਾਂਤ, ਜਿਸ ਦੀ ਆਰਥਿਕ ਵਿਕਾਸ ਦਰ ਭਾਰਤ ਦੇ ਉਪਰਲਿਆਂ ਸੂਬਿਆਂ ਵਿਚ ਆਉਂਦੀ ਹੈ, ਜਿਸ ਸਟੇਟ ਦਾ ਪ੍ਰਤੀ ਵਿਅਕਤੀ ਕੁਲ ਘਰੇਲੂ ਉਤਪਾਦਨ 2022-23 ਵਿਚ 181,963 ਰੁਪਏ ਸੀ, ਜਦ ਕਿ ਸਾਰੇ ਦੇਸ਼ ਦੀ ਔਸਤ 99404 ਰੁਪਏ ਸੀ। ਵਿਆਖਿਆ ਬਹੁਤ ਸਰਲ ਹੈ- ਗੁਜਰਾਤ ਸੂਬੇ ਵਿਚ ਕੁਝ ਲੋਕ ਬਹੁਤ ਜ਼ਿਆਦਾ ਅਮੀਰ ਹਨ, ਪਰ ਗਰੀਬ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ, ਕਿਉਂ ਕਿ ਪ੍ਰਾਂਤ ਵਿਚ ਬਹੁਤ ਦੇਰ ਤੋਂ ਚੰਗੀਆਂ ਨੌਕਰੀਆਂ ਪੈਦਾ ਨਹੀਂ ਹੋ ਰਹੀਆਂ। ਨਾ ਸਿਰਫ ਰੁਜ਼ਗਾਰ ਦੀ ਵਿਕਾਸ ਦਰ ਪ੍ਰਾਂਤ ਦੇ ਕੁਲ ਘਰੇਲੂ ਉਤਪਾਦਨ ਦੀ ਵਾਧਾ ਦਰ ਤੋਂ ਘੱਟ ਰਹੀ, ਸਗੋਂ ਇਹ ਵੀ ਹੈ ਕਿ ਨੌਕਰੀਆਂ ਦੀ ਗੁਣਵੱਤਾ ਵਿਚ ਵੀ ਵਾਧਾ ਨਹੀਂ ਹੋਇਆ । ਇਹ ਨੁਕਤਾ ਰੁਜ਼ਗਾਰ ਬਾਜ਼ਾਰ ਵਿਚ ਨੌਕਰੀਆਂ ਦੇ ਗੈਰ-ਰਵਾਇਤੀਕਰਨ ਦੀ ਪ੍ਰਕਿਰਿਆ ਤੋਂ ਪ੍ਰਗਟ ਹੋ ਜਾਂਦਾ ਹੈ । ਸੰਨ 2022 ਦੇ ਪੀ ਐੱਲ ਐੱਫ ਐੱਸ ਦੇ ਅਨੁਸਾਰ ਗੁਜਰਾਤ ਦੇ 74 ਫੀਸਦੀ ਮਜ਼ਦੂਰਾਂ ਕੋਲ ਨੌਕਰੀ ਦਾ ਲਿਖਤੀ ਇਕਰਾਰਨਾਮਾ ਨਹੀਂ ਹੈ , ਜਦ ਕਿ ਕਰਨਾਟਕ ਵਿਚ ਇਹ ਦਰ 41 ਫੀਸਦੀ , ਤਾਮਿਲਨਾਡੂ ਅਤੇ ਕੇਰਲਾ ਵਿਚ 53 ਫੀਸਦੀ, ਮੱਧ ਪ੍ਰਦੇਸ਼ ਵਿਚ 57 ਫੀਸਦੀ , ਹਰਿਆਣਾ ਵਿਚ 65 ਫੀਸਦੀ, ਮਹਾਰਾਸ਼ਟਰ ਵਿਚ 65 ਫੀਸਦੀ ਅਤੇ ਬਿਹਾਰ ਵਿਚ 68 ਫੀਸਦੀ ਹੈ ।

ਇਸ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਇਹਨਾਂ ਆਰਜ਼ੀ ਨੌਕਰੀਆਂ ਕਾਰਨ ਤਨਖਾਹਾਂ ਵਿਚ ਕਟੌਤੀ ਹੋ ਜਾਂਦੀ ਹੈ । ਸਾਲ 2024 ਦੇ ਦੌਰਾਨ ਗੁਜਰਾਤ ਵਿਚ ਦਿਹਾੜੀਦਾਰ ਮਜ਼ਦੂਰ ਦੀ ਔਸਤ ਉਜਰਤ 375 ਰੁਪਏ ਸੀ, ਜੋ ਕਿ ਕੌਮੀ ਔਸਤ (473 ਰੁਪਏ) ਤੋਂ ਘੱਟ ਹੈ, ਜਦ ਕਿ ਕੇਰਲਾ ਵਿਚ ਇਹ ਔਸਤ ਮਜ਼ਦੂਰੀ 836 ਰੁਪਏ, ਤਾਮਿਲ ਨਾਡੂ ਵਿਚ 584 ਰੁਪਏ, ਹਰਿਆਣਾ ਵਿਚ 486 ਰੁਪਏ, ਪੰਜਾਬ ਵਿਚ 449 ਰੁਪਏ, ਕਰਨਾਟਕ ਵਿਚ 447 ਰੁਪਏ, ਰਾਜਸਥਾਨ ਵਿਚ 442 ਰੁਪਏ, ਉਤਰ ਪ੍ਰਦੇਸ਼ ਵਿਚ 432 ਰੁਪਏ, ਅਤੇ ਬਿਹਾਰ ਵਿਚ ਵੀ 426 ਰੁਪਏ ਸੀ । ਇਕੋ ਪ੍ਰਾਂਤ ਜਿਥੇ ਉਜਰਤ ਗੁਜਰਾਤ ਨਾਲੋਂ ਘੱਟ ਸੀ, ਉਹ ਹੈ ਛਤੀਸਗੜ੍ਹ 295 ਰੁਪਏ।

ਗੁਜਰਾਤ ਵਿਚ ਮੁਲਾਜ਼ਮਾਂ ਦੀ ਮਹੀਨਾਵਾਰ ਤਨਖਾਹ ਵੀ ਦੂਸਰੇ ਸੂਬਿਆਂ ਤੋ ਬਹੁਤ ਘੱਟ ਹੈ । ਅਪ੍ਰੈਲ-ਜੂਨ 2024 ਦੇ ਦੌਰਾਨ ਇਹ ਤਨਖਾਹ 17,503 ਰੁਪਏ ਸੀ, ਜਦ ਕਿ ਕੌਮੀ ਔਸਤ 21,103 ਰੁਪਏ ਸੀ । ਵੱਡੇ ਸੂਬਿਆਂ ਵਿਚੋਂ ਕੇਵਲ ਪੰਜਾਬ ਹੀ ਅਜਿਹਾ ਹੈ, ਜਿਥੇ ਗੁਜਰਾਤ ਤੋਂ ਘੱਟ ਅੰਕੜਾ 16,161 ਰੁਪਏ ਦਾ ਹੈ । ਕਰਨਾਟਕ ਵਿਚ 25,621 ਰੁਪਏ, ਹਰਿਆਣਾ ਵਿਚ 25,015 , ਮਹਾਰਾਸ਼ਟਰ ਵਿਚ 23,723 , ਕੇਰਲਾ ਵਿਚ 22,287, ਆਂਧਰਾ ਵਿਚ 21,459, ਤਾਮਿਲ ਨਾਡੂ ਵਿਚ 21,266 , ਉਤਰ ਪ੍ਰਦੇਸ਼ ਵਿਚ 19,203, ਰਾਜਿਸਥਾਨ ਵਿਚ 19,105, ਮੱਧ ਪ੍ਰਦੇਸ਼ ਵਿਚ 18,918 ਅਤੇ ਪੱਛਮੀ ਬੰਗਾਲ ਵਿਚ ਮਹੀਨਾਵਾਰ ਔਸਤ 17,559 ਰੁਪੈ ਤਨਖਾਹ ਮਿਲਦੀ ਸੀ ।

ਜ਼ਰੂਰ ਨਹੀਂ ਕਿ ਜੋ ਲੋਕ ਅਮਰੀਕਾ ਜਾਂਦੇ ਹਨ, ਉਹ ਸਭ ਨੌਕਰੀਪੇਸ਼ਾ ਲੋਕ ਹੀ ਹੋਣ, ਉਹ ਜ਼ਿਆਦਾਤਰ ਪੇਂਡੂ ਖੇਤਰਾਂ ਤੋਂ ਆਉਂਦੇ ਹਨ, ਆਮ ਕਰਕੇ ਮੱਧ ਵਰਗੀ ਕਿਸਾਨ ਪਰਵਾਰਾਂ ਤੋਂ, ਜਿਨ੍ਹਾਂ ਦੀ ਆਰਥਿਕ ਹਾਲਤ ਸ਼ਹਿਰੀ ਲੋਕਾਂ ਤੋਂ ਵੀ ਬਦਤਰ ਹੁੰਦੀ ਹੈ । ਸਾਲ 2023 ਵਿਚ ਗੁਜਰਾਤ ਦੇ ਖੇਤ ਮਜ਼ਦੂਰ ਦੀ ਔਸਤ ਦਿਹਾੜੀ 242 ਰੁਪਏ ਸੀ, ਜੋ ਕਿ ਭਾਰਤ ਦੇ ਬਹੁਤ ਗਰੀਬ ਮੰਨੇ ਜਾਂਦੇ ਸੂਬੇ ਬਿਹਾਰ ਦੇ ਮਜ਼ਦੂਰ ਦੀ ਦਿਹਾੜੀ ਤੋਂ ਵੀ ਘੱਟ ਸੀ । ਮਜ਼ਦੂਰ ਜੋ ਖੇਤਾਂ ਵਿਚ ਕੰਮ ਕਰਨ ਦੀ ਬਜਾਏ ਕੋਈ ਛੋਟਾ-ਮੋਟਾ ਹੁਨਰਮੰਦ ਕੰਮ ਕਰਦੇ ਸਨ, ਦੀ ਰੋਜ਼ਾਨਾ ਕਿਰਤ 273 ਰੁਪਏ, ਜੋ ਮਧ ਪ੍ਰਦੇਸ਼ ਦੀ ਕਿਰਤ (246 ਰੁਪਏ) ਤੋਂ ਰਤੀ ਭਰ ਜ਼ਿਆਦਾ ਸੀ, ਜਦ ਕਿ ਬਿਹਾਰੀ ਕਾਮੇ ਦੀ ਔਸਤ 313 ਰੁਪਏ ਸੀ। ਗੁਜਰਾਤ ਦੇ ਇਮਾਰਤ ਉਸਾਰੀ ਵਿਚ ਕੰਮ ਕਰਦੇ ਮਜ਼ਦੂਰ ਦੀ ਰੋਜ਼ਾਨਾ ਮਜ਼ਦੂਰੀ 323 ਰੁਪਏ, ਜੋ ਕਿ ਦੇਸ਼ ਦੇ ਹੇਠਲੇ ਪੱਧਰ ਤੋਂ ਤੀਜੇ ਨੰਬਰ 'ਤੇ ਆਉਂਦੀ, ਮੱਧ ਪ੍ਰਦੇਸ਼ ਦੀ 278 ਰੁਪਏ ਅਤੇ ਤ੍ਰਿਪੁਰਾ ਦੇ ਮਜ਼ਦੂਰ ਦੀ 286 ਰੁਪਏ।

ਕੇਵਲ ਤਨਖਾਹਾਂ ਨੂੰ ਹੀ ਗਰੀਬੀ ਦੇ ਮਾਪਦੰਡ ਦਾ ਪੈਮਾਨਾ ਨਹੀਂ ਮੰਨਿਆ ਜਾ ਸਕਦਾ । ਸੂਬੇ ਦੇ ਦਿਹਾਤੀ ਅਤੇ ਸ਼ਹਿਰੀ ਨਾਗਰਿਕਾਂ ਦਾ ਪ੍ਰਤੀ ਜੀਅ ਮਹੀਨੇਵਾਰ ਖਰਚ ਵੀ ਕਈ ਤੱਥਾਂ ਦਾ ਪ੍ਰਗਟਾਵਾ ਕਰਦਾ ਹੈ । ਨੈਸ਼ਨਲ ਸੈਂਪਲ ਸਰਵੇ ਆਫਸ ਦੇ 2022-23 ਦੇ ਸਰਵੇ ਅਨੁਸਾਰ ਗੁਜਰਾਤ ਦੇ ਸ਼ਹਿਰੀ ਲੋਕਾਂ ਦਾ ਪ੍ਰਤੀ ਮਹੀਨਾ ਖਰਚ 6621 ਰੁਪਏ ਅਤੇ ਦਿਹਾਤੀ ਲੋਕਾਂ ਦਾ 3798 ਰੁਪਏ ਸੀ, ਜੋ ਕਿ ਤਾਮਿਲਨਾਡੂ ਵਿਚ ਕਰਮਵਾਰ 7630 ਅਤੇ 5310 ਰੁਪਏ; ਕੇਰਲਾ ਵਿਚ 7078 ਤੇ 5924 ਰੁਪਏ; ਕਰਨਾਟਕ ਵਿਚ 7666 ਤੇ 4397; ਆਂਧਰਾ ਵਿਚ 6782 ਅਤੇ 4870; ਹਰਿਆਣਾ ਵਿਚ 7911 ਅਤੇ 4859, ਮਹਾਂਰਾਸ਼ਟਰ ਵਿਚ ਕਰਮਵਾਰ 6657 ਅਤੇ 4010 ਰੁਪਏ ਸੀ ।

ਸੰਯੁਕਤ ਰਾਸ਼ਟਰ ਨੇ ਗਰੀਬੀ ਮਾਪਣ ਦਾ ਮਲਟੀ ਡਾਮੈਨਸ਼ਨਲ ਪਾਵਰਟੀ ਇੰਡੈਕਸ ਬਣਾਇਆ ਹੈ, ਜਿਸ ਵਿਚ ਆਰਥਿਕ ਪੱਧਰ ਤੋਂ ਇਲਾਵਾ ਵਿਦਿਆ ਅਤੇ ਸਿਹਤ ਸਹੂਲਤਾਂ ਦੀ ਪ੍ਰਾਪਤੀ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਇਹ ਜ਼ਿਆਦਾ ਕਾਰਗਰ ਹੈ, ਕਿਉਂਕਿ ਆਰਥਿਕ ਪੈਮਾਨੇ ਤੋਂ ਉਪਰ ਚਲੇ ਜਾਂਦਾ ਹੈ । ਇਸ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਗੁਜਰਾਤ ਦੇਸ਼ ਵਿਚ ਅੱਧ-ਵਿਚਕਾਰ ਜਿਹੇ ਆਉਂਦਾ ਹੈ । 2020-21 ਦੌਰਾਨ ਸੂਬੇ ਵਿਚ 11.66 ਫੀਸਦੀ ਪ੍ਰਤੀਸ਼ਤ ਗਰੀਬ ਸਨ, ਪੱਛਮੀ ਬੰਗਾਲ ਤੋਂ ਥੋੜ੍ਹਾ ਘੱਟ (11.89 ਫੀਸਦੀ), ਪਰ ਮੁੱਖ ਵੱਡੇ ਸੂਬਿਆਂ ਮਹਾਰਾਸ਼ਟਰ, ਕਰਨਾਟਕ, ਹਰਿਆਣਾ, ਆਂਧਰਾ, ਤਿਲੰਗਾਨਾ, ਹਿਮਾਚਲ ਪ੍ਰਦੇਸ਼, ਪੰਜਾਬ, ਤਾਮਿਲ ਨਾਡੂ, ਜੰਮੂ-ਕਸ਼ਮੀਰ ਅਤੇ ਕੇਰਲਾ ਤੋਂ ਇਹ ਗਿਣਤੀ ਜ਼ਿਆਦਾ ਹੈ । ਗੁਜਰਾਤ ਖਾਸ ਕਰਕੇ ਆਪਣੇ ਨਾਗਰਿਕਾਂ ਨੂੰ ਲੋੜੀਂਦੀ ਖੁਰਾਕ ਦੇਣ ਵਿਚ ਬਹੁਤ ਪੱਛੜਿਆ ਹੋਇਆ ਹੈ , 38 ਫੀਸਦੀ , ਜਦ ਕਿ ਬਿਹਾਰ ਵਿਚ 42 ਫੀਸਦੀ ਅਤੇ ਝਾਰਖੰਡ ਵਿਚ 40 ਫੀਸਦੀ ਲੋਕ ਹਨ, ਜਿਨ੍ਹਾਂ ਨੂੰ ਜ਼ਰੂਰਤ ਮੁਤਾਬਕ ਖਾਣਾ ਨਸੀਬ ਨਹੀਂ ਹੋ ਰਿਹਾ। ਇਸ ਤਰ੍ਹਾਂ ਮਾਡਲ ਸਟੇਟ ਗੁਜਰਾਤ ਵਿਚ ਸੌ ਵਿਚੋਂ 38 ਵਿਅਕਤੀਆਂ ਨੂੰ ਪੂਰਾ ਖਾਣਾ ਨਹੀਂ ਮਿਲ ਰਿਹਾ ।

ਗੁਜਰਾਤ ਪ੍ਰਾਂਤ, ਜੋ ਕਿ ਸਾਰੇ ਦੇਸ਼ ਵਿਚ ਪ੍ਰਤੀ ਵਿਅਕਤੀ ਘਰੇਲੂ ਉਤਪਾਦਨ ਦੇ ਪੱਖ ਤੋਂ ਸਿਖਰ 'ਤੇ ਆਉਂਦਾ ਹੈ, ਪਰ ਗਰੀਬੀ ਪੱਖੋਂ ਵੀ ਸਿਖਰ 'ਤੇ ਹੈ ਅਤੇ ਆਪਣੇ ਨਾਗਰਿਕਾਂ ਨੂੰ ਚੰਗੀਆਂ ਨੌਕਰੀਆਂ ਦੇਣ ਵਿਚ ਵੀ ਨਾਕਾਮ ਹੈ । ਇਸ ਆਰਥਿਕ ਮੰਦਹਾਲੀ ਦੇ ਕਾਰਨ ਘਰ ਛੱਡ ਕੇ ਵਿਦੇਸ਼ ਜਾਣ ਲਈ ਮਜਬੂਰ ਹੋ ਰਹੇ ਹਨ ਗੁਜਰਾਤੀ ਲੋਕ , ਇਸ ਸਥਿਤੀ ਨੂੰ ਕਿਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ ? ਪੂੰਜੀ ਪ੍ਰਧਾਨ ਰਾਜਨੀਤਕ ਅਰਥ-ਵਿਵਸਥਾ ਅਜਿਹੀਆਂ ਅੰਤਰਵਿਰੋਧੀ ਪ੍ਰਸਥਿਤੀਆਂ ਦੀ ਵਿਆਖਿਆ ਗੁਜਰਾਤ ਵੱਲੋਂ ਨਰਿੰਦਰ ਮੋਦੀ ਸਰਕਾਰ ਦੀ ਅਗਵਾਈ ਹੇਠ ਅਪਣਾਈਆਂ ਆਰਥਿਕ ਨੀਤੀਆਂ ਅਨੁਸਾਰ ਕੀਤੀ ਜਾ ਸਕਦੀ ਹੈ । ਸਾਲ 2001 ਤੋਂ ਲੈ ਕੇ 2014 ਤੱਕ ਸਰਕਾਰ ਵਲੋਂ ਸੂਬੇ ਵਿਚ ਢਾਂਚਾਗਤ ਉਸਾਰੀਆਂ (ਸੜਕਾਂ, ਬੰਦਰਗਾਹਾਂ, ਤਾਪ ਬਿਜਲੀ ਘਰ, ਤੇਲ ਸੋਧਕ ਕਾਰਖਾਨੇ) ਅਤੇ ਪੈਟਰੋਕੈਮੀਕਲ ਉਦਯੋਗ ਵਲ ਧਿਆਨ ਜਾਂਦਾ ਰਿਹਾ ਹੈ । ਮੁਕਾਬਲਤਨ ਸਮਾਜਕ ਖੇਤਰਾਂ (ਸਿਹਤ, ਵਿਦਿਆ) ਨੂੰ ਨਜ਼ਰ ਅੰਦਾਜ਼ ਕੀਤਾ ਗਿਆ । ਇਸ ਦੇ ਨਾਲ ਹੀ ਰੁਜ਼ਗਾਰ ਮੁਖੀ ਉਦਯੋਗ ਦੀ ਉਸਾਰੀ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ । ਇਹ ਨੀਤੀ ਗੁਜਰਾਤ ਦੀ ਪੁਰਾਤਨ ਉਦਯੋਗਿਕ ਨੀਤੀ - ਛੋਟੇ ਅਤੇ ਨਿਮਨ ਵਰਗੀ ਉਦਯੋਗ ਨੂੰ ਪ੍ਰਮੁਖਤਾ ਦੇ ਉਲਟ ਚਲਦੀ ਹੋਈ ਨਜ਼ਰ ਆਈ। ਇਸ ਸੂਬੇ ਨੂੰ ਰਵਾਇਤੀ ਤੌਰ 'ਤੇ ਛੋਟੇ ਮਧ-ਵਰਗੀ ਪੂੰਜੀਪਤੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਰਿਹਾ ਹੈ ਅਤੇ ਸੂਬਾ ਸਰਕਾਰ ਵੀ ਇਨ੍ਹਾਂ ਉਦਯੋਗਾਂ ਦੀ ਸਹਾਇਤਾ ਕਰਦੀ ਰਹੀ ਸੀ । 1990

24-FEB-PAGE-5.qxd 2/23/2025 9:12 PM Page 1

ਵਿਗਿਆਨਕ ਚੇਤਨਾ ਲਹਿਰ ਸਿਰਜਣ 'ਚ ਤਰਕਸ਼ੀਲ ਸੁਸਾਇਟੀ ਦੀ ਅਹਿਮ ਭੂਮਿਕਾ : ਅਮੋਲਕ ਸਿੰਘ

■ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਸੁਭਾਸ਼ ਪਰਿਹਾਰ ਨੂੰ ਦਿੱਤਾ ਗਿਆ

ਬਰਨਾਲਾ (ਰਾਜਿੰਦਰ ਬਰਾੜ)

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ ਦੀ 23ਵੀਂ ਬਰਸੀ ਦੇ ਸਬੰਧ ਵਿੱਚ ਤਰਕਸ਼ੀਲ ਭਵਨ ਬਰਨਾਲਾ ਵਿਖੇ 'ਅਜੋਕੇ ਫਾਸ਼ੀਵਾਦੀ ਦੌਰ ਵਿੱਚ ਦਰਪੇਸ਼ ਚੁਣੌਤੀਆਂ ਤੇ ਸਾਡੇ ਕਾਰਜ' ਵਿਸ਼ੇ ਸਬੰਧੀ ਇਕ ਸੈਮੀਨਾਰ ਤੇ ਸਨਮਾਨ ਸਮਾਗਮ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਸੂਬਾਈ ਜਥੇਬੰਦਕ ਆਗੂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਕ੍ਰਿਸ਼ਨ ਬਰਗਾੜੀ ਦੀ ਜੀਵਨ ਸਾਥਣ ਮੈਡਮ ਰਾਜਿੰਦਰ ਕੌਰ ਬਰਗਾੜੀ ਤੇ ਰਾਜਪਾਲ ਬਠਿੰਡਾ ਨੇ ਕੀਤੀ।

ਇਸ ਮੌਕੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਤੇ ਸਮਾਗਮ ਦੇ ਮੁੱਖ ਬੁਲਾਰੇ ਅਮੋਲਕ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੌਜੂਦਾ ਫ਼ਿਰਕੂ ਹਾਕਮ ਜਮਾਤਾਂ ਵੱਲੋਂ ਮਿਥਿਹਾਸ ਨੂੰ ਇਤਿਹਾਸ ਬਣਾ ਕੇ ਦੇਸ਼ ਦੁਨੀਆ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਸਿੱਖਿਆ ਦਾ ਭਗਵਾਂਕਰਨ ਤੇ ਵਪਾਰੀਕਰਨ ਕਰਕੇ ਵਿਗਿਆਨਕ ਚੇਤਨਾ ਵਿਕਸਤ ਕਰਨ ਦੇ ਸੰਵਿਧਾਨਕ ਅਧਿਕਾਰ ਤੇ ਵਿੱਦਿਅਕ ਅਦਾਰਿਆਂ ਨੂੰ ਖਤਮ ਕੀਤਾ ਜਾ ਰਿਹਾ ਹੈ।ਉਨ੍ਹਾ ਦੋਸ਼ ਲਾਇਆ ਕਿ ਸਾਮਰਾਜ ਪੱਖੀ ਹਕੂਮਤਾਂ ਜਲ, ਜੰਗਲ, ਜ਼ਮੀਨ ਤੇ ਹੋਰਨਾਂ ਖਣਿਜ ਪਦਾਰਥਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਲਈ ਗਰੀਬ ਆਦਿਵਾਸੀਆਂ ਨੂੰ ਉਜਾੜਨ 'ਤੇ ਤੁਲੀਆਂ ਹੋਈਆਂ ਹਨ ਅਤੇ ਵਿਰੋਧ ਕਰਨ ਵਾਲਿਆਂ ਨੂੰ ਇਕ ਸਾਜ਼ਿਸ਼ ਹੇਠ ਪੁਲਸ ਮੁਕਾਬਲਿਆਂ ਵਿੱਚ ਮਾਰਿਆ ਜਾ ਰਿਹਾ ਹੈ।

ਇਸ ਹਕੂਮਤੀ ਜਬਰ ਦਾ ਵਿਰੋਧ ਕਰਨ ਤੇ ਸਾਮਰਾਜੀ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਣ ਲਈ ਤਰਕਸ਼ੀਲ ਸੁਸਾਇਟੀ ਸਮੇਤ ਸਮੂਹ ਲੋਕ ਪੱਖੀ ਜਨਤਕ ਤੇ ਜਮਹੂਰੀ ਜਥੇਬੰਦੀਆਂ ਨੂੰ ਜਮਾਤੀ ਪੱਧਰ 'ਤੇ ਚਿੰਤਨ ਤੇ ਚੇਤਨਾ ਦਾ ਪ੍ਰਸਾਰ ਕਰਨ ਅਤੇ ਫ਼ੈਸਲਾਕੁਨ ਜਥੇਬੰਦਕ ਸੰਘਰਸ਼ ਕਰਨ ਦੀ ਲੋੜ ਹੈ।ਉਨ੍ਹਾਂ ਪੰਜਾਬ ਅੰਦਰ ਗਿਆਨ ਵਿਗਿਆਨ ਦਾ ਮਾਹੌਲ ਸਿਰਜਣ ਲਈ ਤਰਕਸ਼ੀਲ ਸੁਸਾਇਟੀ ਦੀ ਭੂਮਿਕਾ ਨੂੰ ਸਲਾਮ ਕੀਤਾ।ਇਸ ਮੌਕੇ ਨਾਮਵਰ ਕਲਾ ਇਤਿਹਾਸਕਾਰ ਤੇ ਮਾਨਵਵਾਦੀ ਚਿੰਤਕ ਸੁਭਾਸ਼ ਪਰਿਹਾਰ ਨੂੰ ਇਤਿਹਾਸ ਤੇ ਵਿਗਿਆਨਕ ਚੇਤਨਾ ਦੇ ਖੇਤਰ ਵਿੱਚ ਪਾਏ ਅਮੁੱਲੇ ਯੋਗਦਾਨ ਲਈ ਕ੍ਰਿਸ਼ਨ ਬਰਗਾੜੀ ਯਾਦਗਾਰੀ ਸਨਮਾਨ ਤੇ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ।ਇਸ ਤੋਂ ਪਹਿਲਾਂ ਪਲਸ ਮੰਚ ਦੇ ਆਗੂ ਮਾਸਟਰ ਰਾਮ ਕੁਮਾਰ ਭਦੌੜ ਨੇ ਮਰਹੂਮ ਆਗੂ ਕ੍ਰਿਸ਼ਨ ਬਰਗਾੜੀ ਦੀ ਤਰਕਸ਼ੀਲ ਲਹਿਰ ਸਮੇਤ ਵੱਖ ਵੱਖ ਸਮਾਜਿਕ ਖੇਤਰਾਂ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਤੇ ਜੀਵਨ ਬਾਰੇ ਚਾਨਣ ਪਾਇਆ, ਜਦਕਿ ਮਾਸਟਰ ਰਾਜਿੰਦਰ ਭਦੌੜ ਨੇ ਤਰਕਸ਼ੀਲ ਕਾਫਲੇ 'ਚੋਂ ਵਿੱਛੜ ਚੁੱਕੇ ਬਾਕੀ ਸਾਥੀਆਂ ਦੇ ਯੋਗਦਾਨ ਨੂੰ ਯਾਦ ਕਰਦਿਆਂ ਸਮਾਗਮ ਵਿੱਚ ਸ਼ਾਮਲ ਸਾਰਿਆਂ ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਤੋਂ ਪਹਿਲਾਂ ਸੂਬਾਈ ਆਗੂ ਰਾਜਪਾਲ ਬਠਿੰਡਾ ਨੇ ਸੁਭਾਸ਼ ਪਰਿਹਾਰ ਵੱਲੋਂ ਇਤਿਹਾਸ ਨੂੰ ਸਹੀ ਸੰਦਰਭ ਵਿੱਚ ਪੇਸ਼ ਕਰਨ ਤੇ ਵਿਗਿਆਨਕ ਚੇਤਨਾ ਦੇ ਖੇਤਰ ਲਈ ਨਿਭਾਈ ਜਾ ਰਹੀ ਭੂਮਿਕਾ ਬਾਰੇ ਜਾਣਕਾਰੀ ਦਿੱਤੀ, ਜਦਕਿ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਵੱਲੋਂ ਬਾਖੂਬੀ ਨਿਭਾਈ ਗਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੂਬਾਈ ਤਰਕਸ਼ੀਲ ਆਗੂ ਰਾਜੇਸ਼ ਅਕਲੀਆ, ਸੁਮੀਤ ਅੰਮ੍ਰਿਤਸਰ, ਜਸਵੰਤ ਮੋਹਾਲੀ, ਜੋਗਿੰਦਰ ਕੁੱਲੇਵਾਲ, ਜਸਵਿੰਦਰ ਫਗਵਾੜਾ, ਗੁਰਪ੍ਰੀਤ ਸ਼ਹਿਣਾ, ਅਜੀਤ ਪ੍ਰਦੇਸੀ, ਸੰਦੀਪ ਧਾਰੀਵਾਲ ਭੰਜੋਆ, ਜ਼ੋਨ ਆਗੂ ਮਾਸਟਰ ਪਰਮਵੇਦ ਸੰਗਰੂਰ, ਬਲਰਾਜ ਮੌੜ, ਸੁਰਜੀਤ ਟਿੱਬਾ, ਗੁਰਮੀਤ ਖਰੜ, ਸਤਪਾਲ ਸਲੋਹ ਨਵਾਂ ਸ਼ਹਿਰ, ਰਾਜਵੰਤ ਬਾਗੜੀਆ, ਰਾਮ ਕੁਮਾਰ ਪਟਿਆਲਾ, ਪ੍ਰਵੀਨ ਜੰਡਵਾਲਾ, ਸੁਖਵਿੰਦਰ ਬਾਗਪੁਰ, ਸੁਭਾਸ਼ ਤਿਤਰਮ ਕੈਥਲ, ਕੁਲਵਿੰਦਰ ਨਗਾਰੀ, ਭੂਰਾ ਸਿੰਘ ਮਹਿਮਾਸਰਜਾ, ਸੁਰਜੀਤ ਦੌਧਰ, ਹਰਚਰਨ ਚਹਿਲ, ਭੁਪਿੰਦਰ ਫ਼ੌਜੀ, ਕੁਲਜੀਤ ਡੰਗਰਖੇੜਾ, ਪ੍ਰਿੰਸੀਪਲ ਮੇਲਾ ਰਾਮ, ਐਡਵੋਕੇਟ ਅਮਰਜੀਤ ਬਾਈ, ਹਰਚੰਦ ਭਿੰਡਰ, ਚੰਨਣ ਵਾਂਦਰ, ਜੁਝਾਰ ਲੌਂਗੋਵਾਲ, ਜਸਵੰਤ ਬੋਪਾਰਾਏ, ਮਾਸਟਰ ਬਲਦੇਵ ਰਾਜ ਵੇਰਕਾ, ਰਾਜ ਕੁਮਾਰ ਵੇਰਕਾ, ਕੁਲਦੀਪ ਮਾਣੂੰਕੇ, ਰਮੇਸ਼ ਜੈਨ ਆਦਿ ਸ਼ਾਮਲ ਸਨ।

ਪੀ ਜੀ ਆਈ 'ਚ ਕੋਲੋਰੈਕਟਲ ਬਿਮਾਰੀਆਂ ਬਾਰੇ ਜਾਗਰੂਕਤਾ ਪ੍ਰੋਗਰਾਮ

ਸਮਰਾਲਾ (ਸੁਰਜੀਤ ਸਿੰਘ)-ਪੀ ਜੀ ਆਈ ਚੰਡੀਗੜ੍ਹ ਦੇ

ਜਨਰਲ ਸਰਜਰੀ ਵਿਭਾਗ ਨੇ ਕੋਲੋਰੈਕਟਲ ਬਿਮਾਰੀਆਂ 'ਤੇ ਇੱਕ ਸਫਲ ਕੰਟਿਨਿਊਅਸ ਮੈਡੀਕਲ ਐਜੂਕੇਸ਼ਨ ਪ੍ਰੋਗਰਾਮ ਆਯੋਜਤ ਕੀਤਾ, ਜਿਸ ਵਿੱਚ ਦੇਸ਼ ਭਰ ਤੋਂ ਪ੍ਰਮੁੱਖ ਮਾਹਰਾਂ ਨੇ ਹਿੱਸਾ ਲਿਆ।ਇਸ ਵਿਗਿਆਨਕ ਪ੍ਰੋਗਰਾਮ ਵਿੱਚ ਗੰਭੀਰ ਬਿਮਾਰੀਆਂ 'ਤੇ ਮਾਹਰਾਂ ਵੱਲੋਂ ਜ਼ਿਕਰਯੋਗ ਵਿਚਾਰ-ਵਟਾਂਦਰੇ ਕੀਤੇ ਗਏ।ਇਸ ਦੌਰਾਨ ਕੋਲੋਰੈਕਟਲ ਬਿਮਾਰੀਆਂ, ਨਵੀਆਂ ਸਰਜੀਕਲ ਤਕਨੀਕਾਂ, ਸਰਜਰੀ ਵਿਧੀਆਂ ਤੇ ਕੋਲੋਰੈਕਟਲ ਕੈਂਸਰ ਦੇ ਇਲਾਜ ਵਿੱਚ ਆਉਣ ਵਾਲੇ ਨਵੇਂ ਰੁਝਾਨਾਂ 'ਤੇ ਵਿਚਾਰ-ਚਰਚਾ ਕੀਤੀ ਗਈ।ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਪ੍ਰਸਿੱਧ ਫੈਕਲਟੀ ਮੈਂਬਰਾਂ ਨੇ ਮਹੱਤਵਪੂਰਨ ਲੈਕਚਰ ਦਿੱਤੇ।ਸਮਾਗਮ ਦੇ ਮੁੱਖ ਮੁੱਦਿਆਂ ਵਿੱਚ ਸਰਜਰੀ, ਰੋਬੋਟਿਕ ਲੋਅ ਐਂਟੀਰੀਅਰ ਰੀਸੈਕਸ਼ਨ ਤੇ ਹੇਮੋਰਾਇਡਜ਼ (ਬਵਾਸੀਰ) ਲਈ ਲੇਜ਼ਰ ਥੈਰੇਪੀ 'ਤੇ ਗਹਿਰੀ ਚਰਚਾ।

ਕੋਲੋਰੈਕਟਲ ਕੈਂਸਰ ਦੇ ਇਲਾਜ ਵਿੱਚ ਐੱਮ ਆਰ ਆਈ ਦੀ ਭੂਮਿਕਾ, ਨੀਓਅਡਜੂਵੈਂਟ ਸਿਸਟਮਿਕ ਥੈਰੇਪੀ ਤੇ ਜਟਿਲ ਸਰਜਰੀਆਂ ਲਈ ਲੈਪਰੋਸਕੋਪਿਕ ਤਕਨੀਕਾਂ 'ਤੇ ਵਿਸ਼ੇਸ਼ ਫੋਕਸ ਕੀਤਾ ਗਿਆ।ਨੌਜਵਾਨ ਰੋਗੀਆਂ ਵਿੱਚ ਕੋਲੋਰੈਕਟਲ ਕੈਂਸਰ ਦੀ ਵਧ ਰਹੀ ਗਿਣਤੀ 'ਤੇ ਵਿਸ਼ਲੇਸ਼ਣ।ਇਸ ਤੋਂ ਪਹਿਲਾਂ ਸਮਾਗਮ ਦਾ ਉਦਘਾਟਨ ਪੀਜੀਆਈ ਚੰਡੀਗੜ੍ਹ ਦੇ ਡਾਇਰੈਕਟਰ, ਪ੍ਰੋ. ਵਿਵੇਕ ਲਾਲ ਵੱਲੋਂ ਕੀਤਾ ਗਿਆ।ਸਮਾਗਮ ਦੀ ਅਗਵਾਈ ਦੇ ਪ੍ਰਧਾਨ ਡਾ. ਪ੍ਰਦੀਪ ਸ਼ਰਮਾ, ਪ੍ਰੋ. ਲਿਲੇਸ਼ਵਰ ਕਾਮਨ (ਸੰਗਠਨ ਸਮਿਤੀ ਚੇਅਰਮੈਨ) ਤੇ ਡਾ. ਯਸ਼ਵੰਤ ਰਾਜ ਸਕਾਰੇ (ਸੰਗਠਨ ਸਮਿਤੀ ਸਕੱਤਰ) ਵੱਲੋਂ ਕੀਤੀ ਗਈ।ਸਭਾ ਵਿੱਚ ਵੱਡੀ ਗਿਣਤੀ ਵਿੱਚ ਚਿਕਿਤਸਕ, ਖੋਜਕਰਤਾ ਤੇ ਵਿਦਿਆਰਥੀ ਸ਼ਾਮਲ ਹੋਏ।ਦੇਸ਼ ਭਰ ਤੋਂ ਆਏ ਸਰਜਰੀ ਰੈਜੀਮੈਂਟ ਡਾਕਟਰਾਂ ਨੇ ਈ-ਪੋਸਟਰ ਮੁਕਾਬਲੇ ਵਿੱਚ ਭਾਗ ਲਿਆ ਤੇ ਜੇਤੂਆਂ ਨੂੰ ਇਨਾਮ ਦਿੱਤੇ ਗਏ।

ਮਲੋਟ ਦੇ ਤਹਿਸੀਲ ਕੰਪਲੈਕਸ 'ਚ ਭ੍ਰਿਸ਼ਟਾਚਾਰ ਦਾ ਬੋਲਬਾਲਾ

ਸ਼ਹਿਰ ਵਾਸੀਆਂ ਵੱਲੋਂ ਮੁੱਖ ਮੰਤਰੀ ਤੋਂ ਸਿਆਸੀ ਅਕਾਵਾਂ ਤੇ ਮਾਲ ਅਧਿਕਾਰੀ ਦੀ ਜਾਂਚ ਦੀ ਮੰਗ

ਮਲੋਟ (ਗੁਰਮੀਤ ਸਿੰਘ ਮੱਕੜ)

ਸਥਾਨਕ ਤਹਿਸੀਲ ਕੰਪਲੈਕਸ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਭਾਵੇਂ ਸਰਕਾਰ ਵੱਲੋਂ ਇਸ ਨੂੰ ਰੋਕਣ ਲਈ ਅਨੇਕਾਂ ਉਪਰਾਲੇ ਕੀਤੇ ਗਏ ਹਨ ਤੇ ਮਾਲ ਅਧਿਕਾਰੀਆਂ ਦੇ ਕਮਰੇ ਵਿੱਚ ਕੈਮਰੇ ਵੀ ਲਗਾਏ ਗਏ ਹਨ, ਪ੍ਰੰਤੂ ਸਭ ਖਾਨਾਪੂਰਤੀ ਹੀ ਹੈ। ਮਾਲ ਅਧਿਕਾਰੀ ਜੋ ਕਿ ਡਾਕੂਮੈਂਟ ਰਾਈਟਰਾਂ ਰਾਹੀਂ ਭ੍ਰਿਸ਼ਟਾਚਾਰ ਨੂੰ ਉਤਸ਼ਾਹਤ ਕਰ ਰਿਹਾ ਹੈ ਅਤੇ ਸਖਤੀ ਦਾ ਡਰਾਵਾ ਦੇ ਭ੍ਰਿਸ਼ਟਾਚਾਰ ਦੇ ਰੇਟਾਂ ਵਿੱਚ ਅਨੇਕਾਂ ਗੁਣਾ ਵਾਧਾ ਹੋ ਚੁੱਕਿਆ ਹੈ, ਪ੍ਰੰਤੂ ਕਿਤੇ ਵੀ ਸੁਣਵਾਈ ਨਾ ਹੋਣ ਕਾਰਨ ਸ਼ਹਿਰ ਵਾਸੀਆਂ ਵੱਲੋਂ ਚੁੱਪ ਹੀ ਬਿਹਤਰ ਸਮਝੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਸਥਾਨਕ ਅਹੁਦੇ 'ਤੇ ਨਿਯੁਕਤ ਮਾਲ ਅਧਿਕਾਰੀ ਇੱਥੇ ਹੀ ਪਟਵਾਰੀ, ਇੱਥੇ ਹੀ ਕਾਨੂੰਗੋ ਤੇ ਇੱਥੇ ਹੀ ਨਾਇਬ ਤਹਿਸੀਲਦਾਰ ਤੇ ਹੁਣ ਤਹਿਸੀਲਦਾਰ ਦੀ ਨਿਯੁਕਤੀ ਲੈ ਕੇ ਆਪਣੀ ਸਿਆਸੀ ਅਕਾਵਾਂ ਦੇ ਅਸ਼ੀਰਵਾਦ ਨਾਲ ਗਲਤ ਰਜਿਸਟਰੀਆਂ ਕਰਕੇ ਸਰਕਾਰੀ ਜ਼ਮੀਨਾਂ 'ਤੇ ਨਜਾਇਜ਼ ਕਬਜ਼ੇ ਕਰਵਾ ਕੇ ਸ਼ਹਿਰ ਵਾਸੀਆਂ ਦਾ ਆਰਥਿਕ ਸ਼ੋਸ਼ਣ ਕਰ ਰਿਹਾ ਹੈ ਅਤੇ ਇਸ ਦੀ ਵਿਜੀਲੈਂਸ ਵੱਲੋਂ ਵੀ ਪਿਛਲੇ ਸਮੇਂ ਵਿੱਚ ਭ੍ਰਿਸ਼ਟਾਚਾਰ ਦੀ ਜਾਂਚ ਚੱਲ ਰਹੀ ਹੈ, ਪ੍ਰੰਤੂ ਫ਼ਿਰ ਵੀ ਇਸ ਨੂੰ ਮਲੋਟ ਵਿੱਚ ਹੀ ਨਿਯੁਕਤੀ ਸਿਰਫ਼ ਆਪਣੇ ਪੈਸੇ ਦੇ ਜ਼ੋਰ 'ਤੇ ਕਰਵਾਉਣ ਵਿੱਚ ਕਾਮਯਾਬ ਹੋ ਰਿਹਾ ਹੈ, ਜਿਸ ਦੀ ਤਾਜ਼ਾ ਮਿਸਾਲ ਪਿਛਲੇ ਸਮੇਂ ਵਿੱਚ ਇਸ ਦੇ ਸਹਿਯੋਗੀ ਭੂ ਮਾਫ਼ੀਆ ਵੱਲੋਂ

ਸਰਕਾਰੀ ਗਲੀ 'ਤੇ ਨਜਾਇਜ਼ ਕਬਜ਼ਾ ਕਰਕੇ ਬਿਲਡਿੰਗਾਂ ਉਸਾਰੀਆਂ ਗਈਆਂ, ਜਿਸ 'ਤੇ ਸਾਰਾ ਮਾਮਲਾ ਸਥਾਨਕ ਵਿਧਾਇਕ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਉਹ ਇਸ ਨੂੰ ਰੋਕਣ ਵਿੱਚ ਨਾਕਾਮ ਰਹੇ ਅਤੇ ਅਨੇਕਾਂ ਹੀ ਗੈਰ-ਕਾਨੂੰਨੀ ਰਜਿਸਟਰੀਆਂ ਨੂੰ ਅੰਜ਼ਾਮ ਦਿੱਤਾ ਅਤੇ ਮੁੱਖ ਮੰਤਰੀ ਦਫ਼ਤਰ ਵਿੱਚ ਵੀ ਇਸ ਦੀ ਗੁਹਾਰ ਲਗਾਈ, ਪ੍ਰੰਤੂ 'ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ'। ਇਸ ਵੱਲੋਂ ਕੀਤੀਆਂ ਗਈਆਂ ਪਿਛਲੀਆਂ ਰਜਿਸਟਰੀਆਂ ਤੇ ਬੇਨਾਮੀਆਂ ਜਾਇਦਾਦਾਂ ਦੀ ਜਾਂਚ ਕਰਵਾਈ ਜਾਵੇ ਤਾਂ ਪਤਾ ਲੱਗੇਗਾ ਕਿ ਜਦੋਂ ਇਸ ਨੇ ਨੌਕਰੀ ਜੁਆਇਨ ਕੀਤੀ ਤਾਂ ਕੇਵਲ ਕੁੱਝ ਕਿੱਲਿਆਂ ਦਾ ਮਾਲਕ ਅੱਜ ਸੈਂਕੜੇ ਏਕੜ ਜ਼ਮੀਨ ਦਾ ਮਾਲਕ ਹੈ ਅਤੇ ਗਿੱਦੜਬਾਹਾ ਬਲਾਕ ਵਿਚ ਇੱਕ ਕਿਲ੍ਹੇਨੁਮਾ ਕੋਠੀ ਉਸਾਰ ਕੇ ਭ੍ਰਿਸ਼ਟਾਚਾਰ ਦੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕਾ ਹੈ। ਇਹ ਗੱਠਜੋੜ ਸਰਕਾਰ, ਕਾਂਗਰਸ ਸਰਕਾਰ ਤੇ ਹੁਣ ਆਪ ਸਰਕਾਰ ਸਮੇਂ ਮਲੋਟ ਹਲਕੇ ਵਿੱਚ ਨਿਯੁਕਤੀ ਕਰਵਾ ਕੇ ਸਭ ਸਰਕਾਰੀ ਜ਼ਮੀਨਾਂ ਦੀਆਂ ਰਜਿਸਟਰੀਆਂ ਨੂੰ ਅੰਜ਼ਾਮ ਦੇ ਰਿਹਾ ਹੈ, ਜਿਸ ਲਈ ਇਸ ਨੇ ਆਪਣਾ ਹੀ ਇੱਕ ਗਰੋਹ ਬਣਾਇਆ ਹੋਇਆ ਹੈ। ਕਦੇ ਵੀ ਵਿਜੀਲੈਂਸ ਵਿਭਾਗ, ਵਿਧਾਇਕ ਤੇ ਹੋਰ ਮਹਿਕਮਿਆਂ ਨੇ ਤਹਿਸੀਲ ਕੰਪਲੈਕਸ ਵਿੱਚ ਇਸ ਚੱਲ ਰਹੇ ਗੋਰਖ ਧੰਦੇ ਵਿਰੁੱਧ ਆਵਾਜ਼ ਬੁਲੰਦ ਨਹੀਂ ਕੀਤੀ ਅਤੇ ਜੋ ਵੀ ਸ਼ਹਿਰ ਵਾਸੀ ਬੋਲਦਾ ਹੈ, ਉਸ ਨੂੰ ਪੈਸੇ ਦੇ ਬਲ ਨਾਲ ਡਰਾ ਧਮਕਾ ਕੇ ਦਬਾ ਦਿੱਤਾ ਜਾਂਦਾ ਹੈ। ਸ਼ਹਿਰ ਵਾਸੀਆਂ ਵੱਲੋਂ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਉਹ ਇਸ ਮਾਲ ਅਧਿਕਾਰੀ ਨੂੰ ਤੁਰੰਤ ਇੱਥੋਂ ਤਬਦੀਲ ਕਰਨ ਤੇ ਇਸ ਵੱਲੋਂ ਪਿਛਲੇ ਸਮੇਂ ਕੀਤੀਆਂ ਗਈਆਂ ਗੈਰ-ਕਾਨੂੰਨੀ ਰਜਿਸਟਰੀਆਂ ਦੀ ਜਾਂਚ ਕਰਵਾਈ ਜਾਵੇ ਅਤੇ ਮਲੋਟ ਤੇ ਲੰਬੀ ਦੇ ਸੱਤਾਧਾਰੀ ਆਗੂਆਂ ਦੀ ਵੀ ਜਾਂਚ ਕਰਵਾਈ ਜਾਵੇ, ਜੋ ਇਸ ਦੇ ਸਹਿਯੋਗੀ ਬਣ ਕੇ ਸ਼ਹਿਰ ਵਾਸੀਆਂ ਨੂੰ ਲੁੱਟ ਰਹੇ ਹਨ ਤੇ ਸਰਕਾਰ ਦੀ ਬਦਨਾਮੀ ਕਰਵਾ ਰਹੇ ਹਨ।

ਐਕਸੀਡੈਂਟ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਪਰਵਾਰਾਂ ਨੂੰ ਇਨਸਾਫ ਦਿਵਾਉਣ ਲਈ ਐਕਸ਼ਨ ਕਮੇਟੀ ਵੱਲੋਂ ਧਰਨਾ ਜਾਰੀ

ਸੋਮਵਾਰ ਸ਼ਾਮ ਤੱਕ ਪ੍ਰਸ਼ਾਸਨ ਵੱਲੋਂ ਮੰਗਾਂ ਨੂੰ ਨਾ ਮੰਨਣ 'ਤੇ ਤਿੱਖੇ ਐਕਸ਼ਨ ਦੀ ਚਿਤਾਵਨੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਦੀਪ ਟਰਾਂਸਪੋਰਟ ਕੰਪਨੀ ਦੀ ਬੱਸ ਵੱਲੋਂ 18 ਫਰਵਰੀ ਨੂੰ ਫਰੀਦਕੋਟ ਵਿਖੇ ਐਕਸੀਡੈਂਟ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਬਣੀ ਐਕਸ਼ਨ ਕਮੇਟੀ ਦੁਆਰਾ ਦਿੱਤਾ ਜਾ ਰਿਹਾ ਧਰਨਾ ਅੱਜ ਤੀਜੇ ਦਿਨ ਵਿੱਚ ਸ਼ਾਮਲ ਹੋ ਗਿਆ ਹੈ।ਤੀਜੇ ਦਿਨ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਬਲਾਕ ਪ੍ਰਧਾਨ ਕਾਕਾ ਸਿੰਘ ਧੁੰਡੇ ਹਲਾਲ, ਐਕਸ਼ਨ ਕਮੇਟੀ ਦੇ ਮੈਂਬਰ ਦੇਵੀ ਲਾਲ ਨੇ ਆਖਿਆ ਕਿ 18 ਤਰੀਕ ਦੀ ਵਾਪਰੀ ਇਸ ਘਟਨਾ ਨੂੰ ਅੱਜ ਛੇ ਦਿਨ ਬੀਤਣ ਬਾਅਦ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਿਸੇ ਮੰਤਰੀ ਦਾ ਅੱਜ ਤੱਕ ਬਿਆਨ ਨਹੀਂ ਹੀ ਆਇਆ। ਇਸ ਤੋਂ ਵੀ ਵੱਧ ਨਿੰਦਣਯੋਗ ਗੱਲ ਇਹ ਹੈ ਕਿ ਆਪਣੇ ਆਪ ਨੂੰ ਗਰੀਬਾਂ ਦੀ ਮੰਤਰੀ ਕਹਾਉਣ ਵਾਲੀ ਕੈਬਨਿਟ ਮੰਤਰੀ ਬਲਜੀਤ ਕੌਰ ਕੱਲ੍ਹ ਇਥੋਂ ਥੋੜੀ ਦੂਰ ਪਿੰਡ ਲੱਖੇਵਾਲੀ ਵਿੱਚ ਸੰਗਤ ਦਰਸ਼ਨ ਕਰਕੇ ਗਈ ਹੈ, ਪਰ ਉਸ ਨੂੰ ਪਿੰਡ ਚਿੱਬੜਾਂ ਵਾਲੀ ਵਿਖੇ ਮ੍ਰਿਤਕਾਂ ਦੇ ਪੀੜਤ ਪਰਿਵਾਰਾਂ ਦੀ ਸਾਰ ਲੈਣ ਦੀ ਵੀ ਫੁਰਸਤ ਨਹੀਂ ਮਿਲੀ, ਇਸ ਲਈ ਐਕਸ਼ਨ ਕਮੇਟੀ ਨੇ ਕਿਹਾ ਕਿ ਵੋਟ ਪਾਰਟੀਆਂ ਸਿਰਫ ਵੋਟਾਂ ਲੈਣ ਮੌਕੇ ਹੀ ਇਹ ਕਹਿੰਦੀਆਂ ਹਨ ਕਿ ਅਸੀਂ ਤੁਹਾਡੇ ਵਿੱਚੋਂ ਹਾਂ ਤੇ ਤੁਹਾਡੇ ਮਸਲਿਆਂ ਦੀ ਗੱਲ ਕਰਾਂਗੇ, ਪਰ ਰਾਜ ਗੱਦੀ 'ਤੇ ਬੈਠਣ ਤੋਂ ਬਾਅਦ ਸਾਰਿਆਂ ਵੱਲੋਂ ਹੀ ਕਿਰਤੀ ਲੋਕਾਂ ਨੂੰ ਵਿਸਾਰ ਦਿੱਤਾ ਜਾਂਦਾ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਐਕਸ਼ਨ ਕਮੇਟੀ ਆਗੂਆਂ ਨੇ ਮੰਗ ਕੀਤੀ ਕਿ ਦੀਪ ਟਰਾਂਸਪੋਰਟ ਦੇ ਮਾਲਕ 'ਤੇ 307 ਦਾ ਪਰਚਾ ਦਰਜ ਕੀਤਾ ਜਾਵੇ, ਮ੍ਰਿਤਕਾਂ ਦੇ ਪਰਿਵਾਰਾਂ ਨੂੰ

24 - February - Page - 6.qxd 2/23/2025 9:28 PM Page 1

ਨੇਚਰ ਫੈਸਟ ਦੇ ਦੂਜੇ ਦਿਨ ਖਰੀਦਦਾਰੀ ਤੇ ਸੱਭਿਆਚਾਰਕ ਪ੍ਰੋਗਰਾਮਾਂ ਦਾ ਜਲਵਾ

ਹੁਸ਼ਿਆਰਪੁਰ, (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)-ਨੇਚਰ ਫੈਸਟ ਹੁਸ਼ਿਆਰਪੁਰ ਦੇ ਦੂਸਰੇ ਦਿਨ ਲਾਜਵੰਤੀ ਸਪੋਰਟਸ ਸਟੇਡੀਅਮ ਵਿੱਚ ਭਾਰੀ ਗਿਣਤੀ 'ਚ ਲੋਕ ਪਹੁੰਚੇ ਅਤੇ ਖੂਬ ਖਰੀਦਾਰੀ ਕੀਤੀ।ਇਸ ਦੌਰਾਨ ਕਰਵਾਏ ਗਏ ਸੱਭਿਆਚਾਰਕ ਪ੍ਰੋਗਰਾਮਾਂ ਨੇ ਵੀ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ।ਮੇਲੇ ਵਿਚ ਸਥਾਨਕ ਉਤਪਾਦਾਂ, ਹਸਤਸ਼ਿਲਪ, ਜੈਵਿਕ ਉਤਪਾਦਾਂ ਅਤੇ ਹੋਰ ਸਾਮਾਨ ਦੀ ਵਿਸ਼ੇਸ਼ ਪ੍ਰਦਰਸ਼ਨੀ ਲਗਾਈ ਗਈ।ਲੋਕਾਂ ਨੇ ਤਰ੍ਹਾਂ-ਤਰ੍ਹਾਂ ਦੇ ਸਟਾਲਾਂ 'ਤੇ ਜਾ ਕੇ ਖਰੀਦਦਾਰੀ ਕੀਤੀ ਅਤੇ ਅਤੇ ਸਥਾਨਕ ਉਤਪਾਦਾਂ ਦੀ ਖੂਬ ਸ਼ਲਾਘਾ ਕੀਤੀ। ਖਾਣ-ਪੀਣ ਦੇ ਸਟਾਲਾਂ 'ਤੇ ਵੀ ਕਾਫ਼ੀ ਭੀੜ ਦੇਖੀ ਗਈ ਜਿਥੇ ਰਿਵਾਇਤੀ ਪਕਵਾਨਾਂ ਦਾ ਆਨੰਦ ਮਾਣਿਆ।ਦੂਸਰੇ ਦਿਨ ਦੀ ਖਾਸਿਅਤ ਸੱਭਿਆਚਾਰਕ ਪ੍ਰੋਗਰਾਮ ਰਹੇ ਜਿਸ ਵਿਚ ਲੋਕ ਨਾਚ, ਗੀਤ ਪ੍ਰਤੀਯੋਗਤਾ ਅਤੇ ਰੰਗਾਰੰਗ ਪੇਸ਼ਕਾਰੀ ਸ਼ਾਮਲ ਸੀ।ਪੰਜਾਬੀ ਭੰਗੜਾ ਅਤੇ ਗਿੱਧੇ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਝੂਮਣ ਲਈ ਮਜ਼ਬੂਰ ਕਰ ਦਿੱਤਾ।ਸਥਾਨਕ ਕਲਾਕਾਰਾਂ ਨੇ ਆਪਣੀ ਪੇਸ਼ਕਾਰੀ ਨਾਲ ਸਮਾਂ ਬੰਨ੍ਹ ਦਿੱਤਾ ਜਿਸ ਵਿਚ ਦਰਸ਼ਕਾਂ ਦਾ ਉਤਸ਼ਾਹ ਬਹੁਤ ਵਧੇਰੇ ਸੀ।ਸਕੂਲ ਸਿੱਖਿਆ ਵਿਭਾਗ ਵੱਲੋਂ ਮਿਸ਼ਨ ਦਾਖਲਾ ਦਾ ਸਟਾਲ ਲਗਾ ਕੇ ਲੋਕਾਂ ਨੂੰ ਸਰਕਾਰੀ ਸਕੂਲਾਂ ਵਿਚ ਮਿਲਣ ਵਾਲੀਆਂ ਗੁਣਵੱਤਾਪੂਰਨ ਸਿੱਖਿਆ ਅਤੇ ਸੁਵਿਧਾਵਾਂ ਬਾਰੇ ਦੱਸਿਆ ਜਾ ਰਿਹਾ ਸੀ।ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦਾ ਵਿੰਗਸ ਪ੍ਰੋਜੈਕਟ ਦਾ ਸਟਾਲ ਵੀ ਆਕਰਸ਼ਣ ਦਾ ਕੇਂਦਰ ਬਣਿਆ ਰਿਹਾ।ਇਸੇ ਤਰ੍ਹਾਂ ਸਿਟਰਸ ਅਸਟੇਟ ਭੂੰਗਾ, ਫੈਪਰੋ, ਜ਼ਿਲ੍ਹੇ ਦੇ ਵੱਖ-ਵੱਖ ਸੈਲਫ ਹੈਲਪ ਗਰੁੱਪਾਂ ਵੱਲੋਂ ਤਿਆਰ ਕੀਤੇ ਜਾਂਦੇ ਆਰਗੈਨਿਕ ਖਾਦ ਪਦਾਰਥਾਂ ਦੇ ਸਟਾਲਾਂ ਦੇ ਨਾਲ-ਨਾਲ ਵੱਖ-ਵੱਖ ਸਥਾਨਾਂ ਤੋਂ ਆਏ ਕਾਰੀਗਰਾਂ ਨੇ ਆਪੋ-ਆਪਣੇ ਸਮਾਨ ਦੇ ਸਟਾਲ ਲਾਏ ਜਿਨ੍ਹਾਂ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨੇਚਰ ਫੈਸਟ ਦਾ ਉਦੇਸ਼ ਨਾ ਕੇਵਲ ਲੋਕਾਂ ਦਾ ਮਨੋਰੰਜਨ ਕਰਨਾ ਹੈ ਬਲਕਿ ਵਾਤਾਵਰਣ ਦੀ ਸੰਭਾਲ ਅਤੇ ਸਥਾਨਕ ਵਪਾਰ ਨੂੰ ਬੜ੍ਹਾਵਾ ਦੇਣ ਵੀ ਹੈ। ਉਨ੍ਹਾਂ ਦੱਸਿਆ ਕਿ ਨੇਚਰ ਫੈਸਟ ਹੁਸ਼ਿਆਰਪੁਰ ਰਾਹੀਂ ਕੁਦਰਤ ਦੀ ਗੋਦ ਵਿਚ ਵਸੇ ਹੁਸ਼ਿਆਰਪੁਰ ਵਿਚ ਸੈਰ ਸਪਾਟੇ ਦੀਆਂ ਅਪਾਰ ਸੰਭਾਵਨਾਵਾਂ ਤੋਂ ਲੋਕਾਂ ਨੂੰ ਜਾਣੂੰ ਕਰਵਾਉਣਾ ਵੀ ਹੈ। ਉਨ੍ਹਾਂ ਨੂੰ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਮੇਲੇ ਵਿਚ ਹਿੱਸਾ ਲੈਣ ਅਤੇ ਇਸ ਨੂੰ ਸਫ਼ਲ ਬਣਾਉਣ। ਉਨ੍ਹਾਂ ਦੱਸਿਆ ਕਿ ਨੇਚਰ ਫੈਸਟ ਦੌਰਾਨ ਲੋਕਾਂ ਲਈ ਖੁੱਲ੍ਹਾ ਦਾਖਲਾ ਹੈ ਅਤੇ ਸਟੇਡੀਅਮ ਵਿਚ ਵੱਖ-ਵੱਖ ਚੀਜ਼ਾਂ, ਕਲਾਕ੍ਰਿਤੀਆਂ ਅਤੇ ਸਾਮਾਨ ਦੀ ਪੇਸ਼ਕਾਰੀ ਕਰਦੇ ਹੋਏ 100 ਦੇ ਕਰੀਬ ਸਟਾਲ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ 23 ਫਰਵਰੀ ਨੂੰ ਸਟੇਡੀਅਮ ਵਿਚ ਭਾਰਤ ਬਨਾਮ ਪਾਕਿਸਤਾਨ ਮੈਚ ਦੀ ਸਕਰੀਨਿੰਗ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕੂਕਾਨੇਟ ਤੋਂ ਦੇਹਰੀਆਂ ਤੱਕ ਆਫ-ਰੋਡਿੰਗ ਹੋਵੇਗੀ, ਰਿਟਰੀਟ, ਚੌਹਾਲ ਵਿਚ ਲੋਕ ਬੂਟਿੰਗ ਅਤੇ ਜੰਗਲ ਸਫ਼ਾਰੀ ਦਾ ਆਨੰਦ ਲੈਣਗੇ। ਵਣ ਚੇਤਨਾ ਪਾਰਕ ਵਿਚ ਕਿਡਸ ਕਾਰਨੀਵਾਲ ਹੋਵੇਗਾ। ਇਸੇ ਤਰ੍ਹਾਂ 25 ਫਰਵਰੀ ਦੀ ਸ਼ਾਮ ਨੂੰ ਗਾਇਕ ਕੰਵਰ ਗਰੇਵਾਲ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ ਅਤੇ ਇਸ ਉਪਰੰਤ ਨੇਚਰ ਫੈਸਟ ਦੀ ਸਮਾਪਤੀ ਹੋਵੇਗੀ।

ਮੀਟਰ ਰੀਡਰ, ਸੁਪਰਵਾਈਜ਼ਰ ਯੂਨੀਅਨ ਨੇ ਸਲਾਨਾ ਅਖੰਡ ਪਾਠ ਸਾਹਿਬ ਦੇ ਭੋਗ ਪਾਏ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)- ਗੁਰਦੁਆਰਾ ਸ੍ਰੀ ਬਾਬਾ ਹੁੰਦਾਲ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਿਜਲੀ ਬੋਰਡ ਅਧੀਨ ਕੰਮ ਕਰਦੇ ਸਪੋਟ ਬਿਲਿੰਗ ਮੀਟਰ ਰੀਡਰਾਂ, ਸੁਪਰਵਾਈਜ਼ਰਾਂ ਵੱਲੋਂ ਨਵੇਂ ਸਾਲ ਦੇ ਆਗਮਨ ਅਤੇ ਸਟਾਫ ਦੀ ਚੜ੍ਹਦੀ ਕਲਾ ਵਾਸਤੇ ਸਲਾਨਾ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ।ਜਿਸ ਵਿੱਚ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਭਰਾ ਸਤਿੰਦਰ ਸਿੰਘ, ਨਰੇਸ਼ ਪਾਠਕ, ਸਰਬਜੀਤ ਸਿੰਘ ਡਿੰਪੀ ਸ਼ਹਿਰੀ ਪ੍ਰਧਾਨ, ਅਮਨਪ੍ਰੀਤ ਸਿੰਘ ਪ੍ਰਧਾਨ ਐਮ ਐਸ ਯੂ, ਮਨਿੰਦਰ ਸਿੰਘ ਮਨੀ ਪ੍ਰਧਾਨ, ਜੇ ਈ ਲਖਵਿੰਦਰ ਸਿੰਘ, ਲਾਈਨਮੈਨ ਰਵਿੰਦਰ ਸਿੰਘ ਰਵੀ, ਲਾਈਨਮੈਨ ਜਸਪਾਲ ਸਿੰਘ, ਲਾਈਨਮੈਨ ਸੰਦੀਪ ਸਿੰਘ, ਲਾਈਨਮੈਨ ਪ੍ਰਮੋਦ ਕੁਮਾਰ, ਲਾਈਨਮੈਨ ਟਿੰਮਾ, ਅਮਨ ਵਿਰਕ ਆਸਟ੍ਰੇਲੀਆ, ਨਰਿੰਦਰ ਅੰਲਖ ਆਦਿ ਆਗੂਆਂ ਨੂੰ ਮੀਟਰ ਰੀਡਰ ਯੂਨੀਅਨ ਦੇ ਪ੍ਰਧਾਨ ਗਗਨਦੀਪ ਸਿੰਘ ਅਤੇ ਸਾਥੀਆਂ ਨੇ ਸਨਮਾਨਤ ਕੀਤਾ ।ਇਸ ਮੌਕੇ ਪ੍ਰਧਾਨ ਗਗਨਦੀਪ ਸਿੰਘ ਅਤੇ ਸਾਥੀਆਂ ਨੇ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸਮੂਹ ਸੰਗਤ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਵਾਈ।ਇਸ ਮੌਕੇ ਤੇ ਸੁਪਰਵਾਈਜ਼ਰ ਵਿਨੇ ਕੁਮਾਰ, ਰਾਜਦੀਪ ਸਿੰਘ, ਕੁਲਸ਼ੇਰ ਸਿੰਘ, ਹਰਮਨਦੀਪ ਸਿੰਘ ਮੀਟਰ ਰੀਡਰ, ਸੁਖਬੀਰ ਸਿੰਘ, ਸੁਖਦੀਪ ਸਿੰਘ, ਹਰਪ੍ਰੀਤ ਸਿੰਘ, ਲਵਲਦੀਪ ਸਿੰਘ, ਵਰਿੰਦਰ ਸਿੰਘ ਬੰਡਾਲਾ, ਗੁਰਪ੍ਰੀਤ ਸਿੰਘ, ਦਿਨੇਸ਼ ਸੋਨੀ ਅੰਮ੍ਰਿਤਸਰ, ਆਦਿ ਸਪੋਟ ਬਿਲਿੰਗ ਸਟਾਫ ਅਤੇ ਮੀਟਰ ਰੀਡਰ ਯੂਨੀਅਨ ਦੇ ਆਗੂ ਹਾਜ਼ਰ ਸਨ।

ਖੈਰਦੀਨਕੇ ਤੋਂ ਸਰਪੰਚ ਨੇ ਗਲੀਆਂ ਦਾ ਕੰਮ ਕੀਤਾ ਸ਼ੁਰੂ

ਝਬਾਲ (ਮੱਖਣ ਮਨੋਜ)-ਪਿੰਡ ਖੈਰਦੀਨ ਕੇ ਤੋਂ ਸਰਪੰਚ ਗੁਰਚਰਨ ਸਿੰਘ ਨੇ ਆਪਣੇ ਸਮੂਹ ਪੰਚਾਇਤ ਮੈਂਬਰਾਂ ਤੇ ਪਿੰਡ ਦੇ ਮੋਹਤਬਰ ਵਿਅਕਤੀਆਂ ਦੇ ਨਾਲ ਪਿੰਡ ਦੀਆਂ ਗਲੀਆਂ 'ਚ ਲੋਕ ਟਾਈਲ ਦਾ ਕੰਮ ਸ਼ੁਰੂ ਕੀਤਾ, ਜਿਸ ਵਿੱਚ ਸਰਪੰਚ ਗੁਰਚਰਨ ਸਿੰਘ ਨੇ ਦੱਸਿਆ ਕਿ ਸਮੂਹ ਪਿੰਡ ਦੀ ਪੰਚਾਇਤ ਨੂੰ ਨਾਲ ਲੈ ਕੇ ਜੋ ਵੀ ਪਿੰਡ ਦੇ ਕੰਮ ਅਧੂਰੇ ਗਲੀਆਂ ਨਾਲੀਆਂ ਤੇ ਮੋਟਰ ਪਾਣੀ ਦੇ ਨਿਕਾਸ ਦਾ ਕੰਮ ਹੈ, ਪਹਿਲ ਦੇ ਆਧਾਰ ਤੇ ਬਿਨਾਂ ਪੱਖਪਾਤ ਤੋਂ ਹਰ ਇੱਕ ਵਿਅਕਤੀ ਦਾ ਕੰਮ ਕਰਵਾਇਆ ਜਾਵੇਗਾ।

ਇਸ ਸਮੇਂ ਉਹਨਾਂ ਨਾਲ ਮੈਂਬਰ ਪੰਚਾਇਤ ਸੁਖਮਨ ਕੌਰ, ਮੈਂਬਰ ਪੰਚਾਇਤ ਅਲਵਿੰਦਰ ਕੌਰ, ਸੁਖਰਾਜ ਸਿੰਘ, ਗੁਰਬਚਨ ਸਿੰਘ ਠੇਕੇਦਾਰ, ਪ੍ਰਗਟ ਸਿੰਘ, ਜਸਕਰਨ ਸਿੰਘ ਚੀਮਾ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

17 ਕਾਲਜਾਂ ਦੇ ਵਲੰਟੀਅਰਾਂ ਨੇ ਅਹਿਮ ਵਿਸ਼ਿਆਂ ਬਾਰੇ ਕੀਤਾ ਜਾਗਰੂਕ

ਅੰਬਾਲਾ (ਨ ਜ ਸ)-ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਖਾਲਸਾ ਕਾਲਜ ਪੰਜੋਖਰਾ ਸਾਹਿਬ ਦੇ ਰੈੱਡ ਕਰਾਸ ਵਲੰਟੀਅਰਾਂ ਨੇ ਐਮ. ਡੀ. ਐਸ. ਡੀ. ਕਾਲਜ ਵਿੱਚ ਲਗਾਏ ਗਏ ਪੰਜ ਰੋਜ਼ਾ ਜ਼ਿਲ੍ਹਾ ਪੱਧਰੀ ਯੂਥ ਰੈੱਡ ਕਰਾਸ ਕੈਂਪ ਵਿੱਚ ਭਾਗ ਲਿਆ।ਇਸ ਦੌਰਾਨ ਅੰਬਾਲਾ ਜ਼ਿਲ੍ਹੇ ਦੇ 17 ਕਾਲਜਾਂ ਦੇ ਵਲੰਟੀਅਰਾਂ ਨੇ ਖੂਨਦਾਨ, ਆਪਦਾ ਪ੍ਰਬੰਧਨ ਅਤੇ ਕਮਿਊਨਿਟੀ ਹੈਲਥ ਵਰਗੇ ਅਹਿਮ ਵਿਸ਼ਿਆਂ ਬਾਰੇ ਜਾਗਰੂਕ ਕੀਤਾ।ਯੂਥ ਰੈੱਡ ਕਰਾਸ ਦੇ ਕੌਂਸਲਰ ਪ੍ਰੋ. ਰਮਨਦੀਪ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਵਲੰਟੀਅਰਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ।ਇਸ ਦੌਰਾਨ ਵੱਖ-ਵੱਖ ਮੁਕਾਬਲੇ ਵੀ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਕਾਲਜ ਦੀ ਬੀ.ਸੀ.ਏ ਤੀਜੇ ਸਾਲ ਦੀ ਵਿਦਿਆਰਥਣ ਕੁਲਜੀਤ ਕੌਰ ਨੇ ਸੋਲੋ ਡਾਂਸ ਵਿੱਚ ਦੂਸਰਾ ਅਤੇ ਰਿਤਿਕਾ ਨੇ ਪੇਂਟਿੰਗ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਕੈਂਪ ਵਿੱਚ ਕਾਲਜ ਦੇ ਵਲੰਟੀਅਰਾਂ ਨੂੰ ਬੈਸਟ ਕੋਆਰਡੀਨੇਟਰ ਦਾ ਐਵਾਰਡ ਵੀ ਮਿਲਿਆ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਸੁਖਦੇਵ ਸਿੰਘ ਅਤੇ ਵਾਈਆਰਸੀ ਕੌਂਸਲਰ ਪ੍ਰੋ. ਰਮਨਦੀਪ ਸਿੰਘ ਨੇ ਸਾਰੇ ਵਲੰਟੀਅਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।

ਮਹਾਂ ਮੰਡਲੇਸ਼ਵਰ ਦੀ ਉਪਾਧੀ ਮਿਲਣ ਤੋਂ ਬਾਅਦ ਲੋਹੀਆਂ ਪੁਹੰਚਣ 'ਤੇ ਮਹੰਤ ਸ਼ਿਪਰਾ ਗਿਰੀ ਦਾ ਸਵਾਗਤ

ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ) : ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਦੇ ਗੱਦੀਨਸ਼ੀਨ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦੇ ਮਹਾਂ ਮੰਡਲੇਸ਼ਵਰ ਦੀ ਉਪਾਧੀ ਮਿਲਣ ਤੋਂ ਬਾਅਦ ਪਹਿਲੀ ਵਾਰ ਲੋਹੀਆਂ ਖਾਸ ਪੁਹੰਚਣ 'ਤੇ ਮਾਤਾ ਕਮਲੇਸ਼ ਤੇ ਸ਼ਹਿਰ ਵਾਸੀਆਂ ਨੇ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਨੂੰ ਫੁੱਲਾਂ ਦੇ ਹਾਰ ਵੀ ਪਾਏ ਤੇ ਬੈਂਡ ਬਾਜੇ ਵਜਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਸੰਗਤਾਂ ਨੇ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦਾ ਸਨਮਾਨ ਕਰਦੇ ਹੋਇਆਂ ਮਾਤਾ ਕਮਲੇਸ਼ ਨੂੰ ਰੱਥ 'ਤੇ ਬਿਠਾ ਕੇ ਸਾਰੇ ਸ਼ਹਿਰ 'ਚ ਸ਼ੋਭਾ ਯਾਤਰਾ ਕੱਢੀ।ਇਸ ਮੌਕੇ ਚੌਕਾਂ 'ਚ ਵੱਖ-ਵੱਖ ਤਰ੍ਹਾਂ ਦੇ ਲੰਗਰ ਵੀ ਲਾਏ ਗਏ, ਅਕਾਲ ਗਲੈਕਸੀ ਕਾਨਵੈਂਟ ਸਕੂਲ ਤੇ ਜਲੰਧਰ ਪਬਲਿਕ ਸਕੂਲ ਲੋਹੀਆਂ ਵੱਲੋਂ ਵੀ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦੁਆਰਾ ਸਿੰਘ ਸਭਾ ਲੋਹੀਆਂ ਖਾਸ ਦੀ ਸੰਗਤ ਵੱਲੋਂ ਵੀ ਇਸ ਮੌਕੇ ਵਿਸ਼ੇਸ਼ ਲੰਗਰ ਦਾ ਪ੍ਰਬੰਧ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ 'ਚ ਮਹਾਂ ਮੰਡਲੇਸ਼ਵਰ ਮਹੰਤ ਸ਼ਿਪਰਾ ਗਿਰੀ ਮਹਾਰਾਜ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਾਚੀਨ ਸ਼ਿਵ ਮੰਦਰ ਦੇ ਸੇਵਾਦਾਰ ਮਾਤਾ ਕਮਲੇਸ਼, ਰੁਪੇਸ਼ ਸੱਦੀ, ਮਨੂੰ ਕੁਮਾਰ, ਅਸ਼ਵਨੀ ਗੁਪਤਾ, ਕੁਲਵੰਤ ਰਾਏ ਸ਼ਰਮਾ, ਜਸਬੀਰ ਛਾਬੜਾ, ਪ੍ਰਿੰਸੀਪਲ ਅਮਨਪ੍ਰੀਤ ਕੌਰ, ਹੀਰਾ ਲਾਲ, ਮੋਨੂੰ ਸ਼ਾਹ, ਪ੍ਰਿੰਸੀਪਲ ਤਿਲਕ ਰਾਜ, ਵਿਸ਼ਾਲ ਗੁਪਤਾ ਤੇ ਹੋਰ ਸੰਗਤ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸੀ।

ਧਾਲੀਵਾਲ ਨੇ ਖੇਤੀਬਾੜੀ ਹਾਦਸਿਆਂ ਦੇ ਪੀੜਤਾਂ ਨੂੰ ਵੰਡੀ ਸਹਾਇਤਾ ਰਾਸ਼ੀ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਅਜਨਾਲਾ ਹਲਕੇ ਵਿੱਚ ਬੀਤੇ ਸਮੇਂ ਦੌਰਾਨ ਖੇਤੀਬਾੜੀ ਕਰਦੇ ਹਾਦਸਿਆਂ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਵੰਡਦੇ ਹੋਏ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਦੇ ਹਰੇਕ ਵਰਗ ਦੀ ਖੁਸ਼ਹਾਲੀ ਲਈ ਯਤਨਸ਼ੀਲ ਹੈ। ਉਹਨਾ ਆਖਿਆ ਕਿ ਕਿਸਾਨਾਂ ਦੀ ਬਾਂਹ ਫੜਨ ਦੇ ਨਾਲ ਨਾਲ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਵੀ ਸਰਕਾਰ ਯਤਨਸ਼ੀਲ ਹੈ ਤੇ ਸਾਡੀ ਕੋਸ਼ਿਸ਼ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦੀ ਹੈ। ਉਹਨਾਂ ਦੱਸਿਆ ਕਿ ਅੱਜ ਹਲਕੇ ਦੇ ਉਹਨਾਂ ਕਿਸਾਨਾਂ ਨੂੰ ਸਹਾਇਤਾ ਰਾਸ਼ੀ ਦਿੱਤੀ ਗਈ ਹੈ, ਜਿਨ੍ਹਾਂ ਦਾ ਬੀਤੇ ਸਮੇਂ ਦੌਰਾਨ ਵੱਖ-ਵੱਖ ਥਾਵਾਂ ਉੱਤੇ ਖੇਤੀਬਾੜੀ ਕਰਦੇ ਹੋਏ ਹਾਦਸਿਆਂ ਕਾਰਨ ਜਾਨੀ ਨੁਕਸਾਨ ਹੋਇਆ ਸੀ। ਉਹਨਾਂ ਕਿਹਾ ਕਿ ਕਈ ਕੇਸਾਂ ਵਿੱਚ ਕਿਸਾਨ ਜਖਮੀ ਹੋਏ ਸਨ ਤੇ ਉਹਨਾਂ ਦੇ ਸਰੀਰ ਦੇ ਅੰਗ ਤੱਕ ਕੱਟੇ ਗਏ ਸਨ ਅਤੇ ਇੱਕ ਕਿਸਾਨ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ ਸੀ।

ਗੁਰੂ ਗੋਬਿੰਦ ਸਿੰਘ 'ਵਰਿਸਟੀ ਕਾਲਜ ਜੰਡਿਆਲਾ 'ਚ ਸਾਲਾਨਾ ਐਥਲੈਟਿਕਸ ਮੀਟ ਕਰਵਾਈ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਗੁਰੂ ਗੋਬਿੰਦ ਸਿੰਘ ਯੂਨੀਵਰਿਸਟੀ ਕਾਲਜ ਜੰਡਿਆਲਾ ਮੰਜਕੀ ਦੀ ਸਾਲਾਨਾ ਐਥਲੈਟਿਕਸ ਪ੍ਰਤੀਯੋਗਤਾ ਬੀਤੇ ਦਿਨ ਸਮਾਪਤ ਹੋ ਗਈ।ਜਾਣਕਾਰੀ ਦਿੰਦਿਆਂ ਕਾਲਜ ਦੇ ਓ ਐਸ ਡੀ. ਡਾ. ਸੁਖਵਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਕਾਲਜ ਦੇ ਵਿਦਆਰਥੀਆਂ ਵਿੱਚੋਂ ਲੜਕੇ ਅਤੇ ਲੜਕੀਆਂ ਦੇ 100-200-400 ਮੀਟਰ ਦੌੜਾਂ, ਉੱਚੀ ਛਾਲ, ਲੰਬੀ ਛਾਲ, ਗੋਲਾ ਸੁੱਟਣਾ, ਨੇਜ਼ਾ ਸੁੱਟਣਾ ਆਦਿ ਵੱਖ-ਵੱਖ ਮੁਕਾਬਲੇ ਕਰਵਾਏ ਗਏ।ਵੱਖ-ਵੱਖ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਵਿੱਚੋਂ ਸਰੀਰਕ ਸਿੱਖਿਆ ਅਤੇ ਖੇਡ ਵਿਭਾਗ ਦੇ ਮੋਨੂੰ ਕੁਮਾਰ (ਲੜਕੇ) ਅਤੇ ਕਰੀਨਾ (ਲੜਕੀਆਂ) ਬੈਸਟ ਅਥਲੀਟ ਚੁਣੇ ਗਏ।ਐਥਲੈਟਿਕਸ ਤੋਂ ਬਿਨਾਂ ਵਾਲੀਵਾਲ ਅਤੇ ਭਾਰ-ਤੋਲਣ ਦੇ ਨੁਮਾਇਸ਼ੀ-ਮੁਕਾਬਲੇ ਵੀ ਕਰਵਾਏ ਗਏ ਜਿਸ ਵਿੱਚ ਕਾਲਜ ਦੇ ਵਿਦਆਰਥੀਆਂ ਤੋਂ ਬਿਨਾਂ ਪ੍ਰਾਇਮਰੀ ਸਕੂਲ ਦੇ ਨੰਨ੍ਹੇ ਭਾਰ-ਤੋਲਕਾਂ ਨੇ ਦਰਸ਼ਕਾਂ ਤੋਂ ਵਾਹ-ਵਾਹ ਖੱਟੀ।ਇਸ ਕਾਲਜ ਦੇ ਵਿਦਿਆਰਥੀ ਸੂਰਜ ਜਿਸਨੇ ਗੁਰੂ ਨਾਨਕ ਦੇਵ ਯੂਨੀਵਰਿਸਟੀ ਦੇ ਕੁਸ਼ਤੀ ਮੁਕਾਬਲਿਆਂ ਵਿੱਚ ਗੋਲਡ ਮੈਡਲ ਪ੍ਰਾਪਤ ਕੀਤਾ ਅਤੇ ਇੰਟਰਵਰਿਸਟੀ ਮੁਕਾਬਲਿਆਂ ਵਿੱਚ ਕੁਸ਼ਤੀ 70 ਕਿਲੋ ਭਾਰ-ਵਰਗ ਵਿੱਚ ਗੁਰੂ ਨਾਨਕ ਦੇਵ ਯੂਨੀਵਰਿਸਟੀ ਦੀ ਪ੍ਰਤੀਨਿਧਤਾ ਕੀਤੀ ਦਾ ਖਾਸ ਸਨਮਾਨ ਕੀਤਾ ਗਿਆ।ਕਾਲਜ ਦੀਆਂ ਵਿਦਿਆਰਥਣਾ ਵ

24-FEB-PAGE-7.qxd 2/23/2025 9:11 PM Page 1

ਵਿਧਾਇਕ ਰਹਿਮਾਨ ਨੇ 15 ਪਿੰਡਾਂ 'ਚ ਬਣੇ ਗਿੱਲਾ-ਸੁੱਕਾ ਕੂੜਾ ਪ੍ਰਬੰਧ ਪ੍ਰੋਜੈਕਟ ਲੋਕਾਂ ਨੂੰ ਸਪੁਰਦ ਕੀਤੇ

ਮਾਲੇਰਕੋਟਲਾ (ਅਸਗਰ ਪਰਿਹਾਰ)-ਪੰਚਾਇਤ ਵਿਭਾਗ ਮਾਲੇਰਕੋਟਲਾ ਵੱਲੋਂ ਬਲਾਕ ਪੱਧਰੀ ਸਮਾਗਮ ਪਿੰਡ ਦਸੌਧਾ ਸਿੰਘ ਵਾਲਾ ਵਿਖੇ ਪੰਚਾਇਤ ਤੇ ਸਰਪੰਚ ਪਰਮਜੀਤ ਕੌਰ ਦੀ ਦੇਖ ਰੇਖ ਹੇਠ ਕਰਵਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਟਰੱਕ ਯੂਨੀਅਨ ਸੰਦੌੜ ਦੇ ਪ੍ਰਧਾਨ ਸੰਤੋਖ ਸਿੰਘ ਦਸੌਦਾ ਸਿੰਘ ਵਾਲਾ ਨੇ ਦੱਸਿਆ ਕਿ ਬਲਾਕ ਪੱਧਰੀ ਸਮਾਗਮ 'ਚ ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਤੇ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਮੈਡਮ ਨਵਦੀਪ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਪੰਚਾਇਤ ਵੱਲੋਂ ਉਨ੍ਹਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਦਿਆਂ ਜੀ ਆਇਆਂ ਆਖਿਆ।ਇਸ ਮੌਕੇ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਵੱਲੋਂ ਸਰਕਲ ਸੰਦੌੜ ਦੇ ਪਿੰਡਾਂ 15 ਪਿੰਡਾਂ 'ਚ ਗਿੱਲੇ ਸੁੱਕੇ ਕੂੜੇ ਪ੍ਰਬੰਧਨ ਪ੍ਰੋਜੈਕਟ ਦੀ ਸ਼ੁਰੂਆਤ ਕਰਦਿਆਂ ਲੋਕਾਂ ਨੂੰ ਸਮਰਪਤ ਕੀਤੇ।ਇਨ੍ਹਾਂ ਪ੍ਰੋਜੈਕਟਾਂ ਦੀ ਕੁੱਲ ਲਾਗਤ ਤਕਰੀਬਨ ਸਵਾ ਕਰੋੜ ਦੇ ਨੇੜੇ ਹੈ।ਇਸ ਮੌਕੇ ਮਾਲੇਰਕੋਟਲਾ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਨੇ ਇਨ੍ਹਾਂ ਪ੍ਰੋਜੈਕਟਾਂ ਨੂੰ ਲੋਕਾਂ ਦੇ ਸਪੁਰਦ ਕਰਦਿਆਂ ਕਿਹਾ ਕਿ ਸਫਾਈ ਦਾ ਸਾਡੇ ਜੀਵਨ 'ਚ ਅਹਿਮ ਰੋਲ ਹੈ ਤੇ ਸਾਨੂੰ ਆਪਣੇ ਆਲੇ ਦੁਆਲੇ ਨੂੰ ਸਾਫ ਰੱਖਣ ਦੀ ਬਹੁਤ ਲੋੜ ਹੈ ਤਾਂ ਹੀ ਅਸੀਂ ਭਿਆਨਕ ਬਿਮਾਰੀਆਂ ਤੋਂ ਬਚਾਅ ਕਰ ਸਕਦੇ ਹਾਂ।ਇਸ ਮੌਕੇ ਮਾਲੇਰਕੋਟਲਾ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਵੱਲੋਂ ਪਿੰਡ ਦਸੌਧਾ ਸਿੰਘ ਵਾਲਾ ਵਿਖੇ ਬਣ ਰਹੇ ਪਾਰਕ ਤੇ ਗਲੀ ਤਿਆਰ ਕਰਾਉਣ ਦੀ ਨੀਂਹ ਰੱਖੀ ਗਈ।ਇਸ ਮੌਕੇ ਵਿਧਾਇਕ ਰਹਿਮਾਨ ਨੇ ਪਿੰਡ ਦਸੌਧਾ ਸਿੰਘ ਵਾਲਾ ਵਿਖੇ ਬਣੇ ਪਲਾਸਟਿਕ ਪ੍ਰਬੰਧਨ ਪ੍ਰੋਜੈਕਟ ਦੀ ਵੀ ਸ਼ੁਰੂਆਤ ਕੀਤੀ।ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਵੇਲੇ ਵਿਧਾਇਕ ਨੇ ਕਿਹਾ ਕਿ ਪਿੰਡਾਂ 'ਚ ਸ਼ਹਿਰਾਂ ਵਰਗੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਗ੍ਰਾਂਟਾਂ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਤੇ ਪਿੰਡਾਂ 'ਚ ਰਹਿੰਦੇ ਵਿਕਾਸ ਜਲਦੀ ਨੇਪਰੇ ਚਾੜ੍ਹ ਦਿੱਤੇ ਜਾਣਗੇ।ਇਸ ਮੌਕੇ ਵਿਧਾਇਕ ਰਹਿਮਾਨ ਤੇ ਰਾਊਂਡ ਗਲਾਸ ਫਾਊਂਡੇਸ਼ਨ ਵੱਲੋਂ ਆਏ ਡਾਕਟਰ ਅਰਸ਼ਦੀਪ ਸਿੰਘ ਨਾਲ ਮਿਲ ਕੇ ਪਿੰਡ ਦੇ ਹਰ ਘਰ ਲਈ ਕੜਾ ਸੰਭਾਲਣ ਵਾਲੇ ਡਸਟਬੀਨ ਵੀ ਵੰਡੇ।

ਅਮਰੀਕਾ ਤੋਂ ਡਿਪੋਰਟ ਹੋਏ ਨੌਜਵਾਨ ਪ੍ਰਗਟ ਸਿੰਘ ਦੀ ਦੁੱਖ ਭਰੀ ਦਾਸਤਾਨ

- ਚਿੱਟੇ ਪਾਸਪੋਰਟ 'ਤੇ ਡਿਪੋਰਟ ਪ੍ਰਗਟ ਹਨੇਰ ਕੋਠੜੀ 'ਚ 4 ਮਹੀਨੇ ਰਿਹਾ ਕੈਦ
- 20 ਦਿਨ ਮੌਤ ਦੇ ਸਾਏ ਹੇਠ ਗੁਜ਼ਾਰੇ, ਫਾਇਰ ਦੀ ਨੋਕ 'ਤੇ ਮਿਲਦਾ ਸੀ ਖਾਣਾ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਪੰਜਾਬ ਦੀ ਧਰਤੀ ਗੁਰੂਆਂ ਪੀਰਾਂ ਦੀ ਧਰਤੀ ਹੈ। ਇਸ ਧਰਤੀ ਉੱਤੇ ਦੁਨੀਆ ਦੇ ਸਾਰੇ ਰੰਗ ਮੌਜੂਦ ਹੋਣ ਦੇ ਬਾਵਜੂਦ ਨੌਜਵਾਨਾਂ ਵਿੱਚ ਚੱਲ ਰਹੇ ਬੇਰੁਜ਼ਗਾਰੀ ਦੇ ਆਲਮ ਕਰਕੇ ਕਰੀਬ ਦੋ ਦਹਾਕਿਆਂ ਤੋਂ ਪ੍ਰਵਾਸ ਬਹੁਤ ਵੱਡੇ ਪੱਧਰ ਉੱਤੇ ਹੋ ਰਿਹਾ ਹੈ।ਹਰ ਜਾਇਜ਼ ਨਜਾਇਜ਼ ਤਰੀਕੇ ਨਾਲ ਨੌਜਵਾਨਾਂ ਨੇ ਆਪਣੇ ਉੱਜਵਲ ਭਵਿੱਖ ਨੂੰ ਲੈ ਕੇ ਵਿਦੇਸ਼ਾਂ ਵੱਲ ਰੁੱਖ ਕੀਤਾ ਹੋਇਆ ਹੈ।ਕੁਝ ਦਿਨਾਂ ਤੋਂ ਡੌਂਕੀ ਲਗਾ ਕੇ ਅਮਰੀਕਾ ਪੁੱਜੇ ਨੌਜਵਾਨਾਂ ਨੂੰ ਲਗਾਤਾਰ ਡਿਪੋਰਟ ਕਰਕੇ ਵਾਪਸ ਭੇਜਿਆ ਜਾ ਰਿਹਾ ਹੈ।ਜਬਰੀ ਵਾਪਸ ਭੇਜੇ ਜਾਣ ਵਾਲੇ ਨੌਜਵਾਨਾਂ ਦੀਆਂ ਕਹਾਣੀਆਂ ਬੇਹੱਦ ਦੁਖਦਾਈ ਹਨ।ਪਟਿਆਲਾ ਜ਼ਿਲ੍ਹੇ ਦੀ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਮੌਲਵੀਵਾਲਾ ਦੇ ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਨੌਜਵਾਨ ਪ੍ਰਗਟ ਸਿੰਘ ਦੀ ਕਹਾਣੀ ਵੀ ਕੁਝ ਇਸ ਤਰ੍ਹਾਂ ਦੀ ਹੈ, ਜਿਸ ਨੂੰ ਸੁਣ ਕੇ ਹਰ ਇੱਕ ਦੇ ਰੌਂਗਟੇ ਖੜੇ ਹੋ ਜਾਂਦੇ ਹਨ।

ਆਪਣੀ ਦੁੱਖ ਭਰੀ ਦਾਸਤਾਨ ਸੁਣਾਉਂਦਿਆਂ ਅਮਰੀਕਾ ਦੇ ਜੇਲ੍ਹ ਕੈਂਪ ਵਿੱਚ ਕਰੀਬ ਚਾਰ ਮਹੀਨੇ ਹਨੇਰ ਕੋਠੜੀ ਵਿੱਚ ਬਿਤਾ ਕੇ ਵਾਪਸ ਪਰਤੇ ਪ੍ਰਗਟ ਸਿੰਘ ਨੇ ਦੱਸਿਆ ਕਿ ਪਰਿਵਾਰ ਕਰੀਬ ਤਿੰਨ ਏਕੜ ਦੀ ਖੇਤੀ ਕਰਦਾ ਹੋਣ ਕਰਕੇ ਗੁਜ਼ਾਰਾ ਨਹੀਂ ਸੀ ਹੋ ਰਿਹਾ, ਜਿਸ ਨੂੰ ਦੇਖਦਿਆਂ ਹੋਰ ਨੌਜਵਾਨਾਂ ਦੀ ਤਰ੍ਹਾਂ ਉਸ ਨੇ ਬਹੁਤ ਸਾਰੀਆਂ ਉਮੀਦਾਂ ਲੈ ਕੇ ਆਪਣੀ ਡੇਢ ਕਿੱਲਾ ਜ਼ਮੀਨ ਵੇਚ ਕੇ ਰੁੱਖ ਅਮਰੀਕਾ ਵੱਲ ਕਰ ਲਿਆ।ਦੋ ਟਰੈਵਲ ਏਜੰਟਾਂ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਮਗਰੋਂ ਜਦੋਂ ਉਹ ਨਾ ਜਾ ਸਕਿਆ ਤਾਂ ਤੀਜੇ ਏਜੰਟ ਨੇ ਉਸ ਨੂੰ ਬੀਤੀ ਸੱਤ ਜੂਨ ਨੂੰ ਜਹਾਜ਼ੇ ਚੜ੍ਹਾ ਦਿੱਤਾ।ਉਹ ਕਈ ਮਹੀਨੇ ਦੁਬਈ ਰਹਿਣ ਮਗਰੋਂ ਫਰਾਂਸ ਤੇ ਪਨਾਮਾ ਦੇ ਜੰਗਲਾਂ ਰਸਤੇ ਮੈਕਸੀਕੋ ਪੁੱਜਾ।ਦਿਲ ਦਹਿਲਾ ਦੇਣ ਵਾਲੀ ਘਟਨਾ ਦਾ ਜ਼ਿਕਰ ਕਰਦੇ ਉਸ ਨੇ ਦੱਸਿਆ ਕਿ ਜੰਗਲ ਪਾਰ ਕਰਦੇ ਸਮੇਂ ਉਨ੍ਹਾਂ ਨੂੰ ਬਹੁਤ ਔਕੜਾਂ ਆਈਆਂ। ਉਨ੍ਹਾਂ ਅੱਖੀਂ ਲਾਸ਼ਾਂ ਵੀ ਦੇਖੀਆਂ ਤੇ ਖਿਲਰੇ ਹੋਏ ਮਨੁੱਖੀ ਪਿੰਜਰ ਵੀ ਦੇਖੇ।

ਉਸ ਨੇ ਦੱਸਿਆ ਕਿ ਮੈਕਸੀਕੋ ਵਿੱਚ ਉਸ ਸਮੇਤ ਕਰੀਬ 40 ਨੌਜਵਾਨਾਂ ਨੂੰ ਮਾਫੀਏ ਨੇ ਫੜ ਲਿਆ ਅਤੇ ਪੈਸੇ ਲੈ ਕੇ ਛੱਡਿਆ। ਇਸ ਦੌਰਾਨ ਉਨ੍ਹਾਂ ਨੌਜਵਾਨਾਂ ਨਾਲ ਬਹੁਤ ਕੁੱਟਮਾਰ ਕੀਤੀ ਤੇ ਬਿਜਲੀ ਦਾ ਕਰੰਟ ਵੀ ਲਗਾਇਆ।ਉਸ ਨੇ ਦੱਸਿਆ ਕਿ ਮਾਫੀਆ ਗਰੁੱਪਾਂ ਨਾਲ ਸੰਬੰਧਤ ਇਹ ਲੋਕ ਪੂਰੀ ਗੁੰਡਾਗਰਦੀ ਕਰਦੇ ਹਨ।

ਪੁਰਾਣੇ ਡਾਕੂਆਂ ਦੀ ਤਰ੍ਹਾਂ ਰੋਟੀ ਖਾਣ ਵੇਲੇ ਉਹ ਫਾਇਰ ਕਰਕੇ ਨੌਜਵਾਨਾਂ ਨੂੰ ਬੁਲਾਉਂਦੇ। ਉਨ੍ਹਾਂ ਉਹ ਵੀ ਦਿਨ ਪੂਰੀ ਤਰ੍ਹਾਂ ਦਹਿਸ਼ਤ ਦੇ ਪਰਛਾਵੇਂ ਹੇਠ ਗੁਜ਼ਾਰੇ।ਜਦੋਂ ਬਾਰਡਰ ਪਾਰ ਕਰਕੇ ਉਹ ਕੈਂਪ ਵਿੱਚ ਪੁੱਜੇ ਤਾਂ ਕੁਝ ਦਿਨ ਰੱਖਣ ਮਗਰੋਂ ਉਨ੍ਹਾਂ ਨੂੰ ਹਨੇਰ ਕੋਠੜੀ ਵਿੱਚ ਭੇਜ ਦਿੱਤਾ, ਜਿੱਥੇ ਕਰੀਬ ਚਾਰ ਮਹੀਨੇ ਉਹ ਕੈਦ ਰਹੇ। ਇਸ ਛੋਟੇ ਜਿਹੇ ਕਮਰੇ ਵਿੱਚ ਬੈੱਡ ਤੇ ਪਖਾਨਾ ਬਣਿਆ ਸੀ।ਹਫਤੇ ਵਿੱਚ ਸਿਰਫ ਦੋ ਦੋ ਮਿੰਟ ਦੋ ਵਾਰ ਘਰ ਗੱਲ ਹੁੰਦੀ, ਪਰ ਉਹ ਘਰੇ ਕੁਝ ਨਾ ਦੱਸਦਾ।ਉਸ ਨੇ ਦੱਸਿਆ ਕਿ ਉਸ ਨੂੰ ਅਕਤੂਬਰ ਵਿੱਚ ਡਿਪੋਰਟ ਕਰਨ ਦੇ ਆਰਡਰ ਆ ਗਏ ਸਨ, ਪਰ ਉਸ ਦਾ ਪਾਸਪੋਰਟ ਡੋਂਕਰਾਂ ਵੱਲੋਂ ਖੋਹ ਲੈਣ ਕਰਕੇ ਨਹੀਂ ਆ ਸਕਿਆ ਤੇ ਹੁਣ ਵੀ ਉਸ ਨੂੰ ਤਿੰਨ ਹੋਰ ਨੌਜਵਾਨਾਂ ਸਮੇਤ ਭਾਰਤੀ ਅੰਬੈਸੀ ਵੱਲੋਂ ਜਾਰੀ ਚਿੱਟੇ ਪਾਸਪੋਰਟ ਉੱਤੇ ਹੱਥਕੜੀਆਂ ਲਗਾ ਕੇ ਦਿੱਲੀ ਏਅਰਪੋਰਟ ਉੱਤੇ ਭੇਜਿਆ ਗਿਆ ਹੈ, ਪਰ ਉਸ ਦਾ ਨਾਮ ਅਮਰੀਕਾ ਵੱਲੋਂ ਡਿਪੋਰਟ ਕੀਤੇ ਜਾ ਰਹੇ ਨੌਜਵਾਨਾਂ ਵਾਲੀ ਕਿਸੇ ਸੂਚੀ ਵਿੱਚ ਸ਼ਾਮਲ ਨਹੀਂ ਹੈ।

ਪ੍ਰਗਟ ਸਿੰਘ ਦੇ ਪਿਤਾ ਮੇਜਰ ਸਿੰਘ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਪੁੱਤ ਸੁਖੀ ਸਾਂਦੀ ਘਰੇ ਪਹੁੰਚ ਗਿਆ, ਉਨ੍ਹਾਂ ਲਈ ਇਹੀ ਬਹੁਤ ਹੈ।ਆਪੇ ਮਿਹਨਤ ਕਰਕੇ ਰੋਟੀ ਜੋਗਾ ਗੁਜ਼ਾਰਾ ਕਰ ਲੈਣਗੇ।ਇਸ ਦੌਰਾਨ ਪਿੰਡ ਦੇ ਸਰਪੰਚ ਚਰਨਜੀਤ ਸਿੰਘ ਸੰਧੂ ਨੇ ਸਮਾਜ ਸੇਵੀ ਸੰਸਥਾਵਾਂ ਨੂੰ ਪਰਿਵਾਰ ਦੀ ਬਾਂਹ ਫੜਨ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬੀ ਹਮੇਸ਼ਾ ਹਰ ਇੱਕ ਦੇ ਦੁੱਖ ਵਿੱਚ ਅੱਗੇ ਹੋ ਕੇ ਖੜਦੇ ਹਨ।ਪ੍ਰਗਟ ਸਿੰਘ ਦੇ ਪਰਿਵਾਰ ਸਮੇਤ ਹੋਰ ਬਹੁਤ ਸਾਰੇ ਪਰਿਵਾਰਾਂ ਦੇ ਹਾਲਾਤ ਵੀ ਤਰਸਯੋਗ ਬਣ ਗਏ ਹਨ, ਇਸ ਲਈ ਸਾਨੂੰ ਅੱਗੇ ਹੋ ਕੇ ਪਰਿਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ।ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਜਿਹੜੇ ਨੌਜਵਾਨ ਡਿਪੋਰਟ ਵਾਲੀ ਸੂਚੀ ਵਿੱਚ ਨਹੀਂ ਹਨ, ਉਨ੍ਹਾਂ ਦਾ ਨਾਂ ਡਿਪੋਰਟ ਵਾਲੀ ਸੂਚੀ ਵਿੱਚ ਸ਼ਾਮਲ ਕਰਕੇ ਪਰਿਵਾਰਾਂ ਦੀ ਬਾਂਹ ਫੜਨ।

ਸਰਸ ਮੇਲੇ ਦਾ ਨੌਵਾਂ ਦਿਨ ਰਿਹਾ ਬਜ਼ੁਰਗਾਂ ਦੇ ਨਾਂਅ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਸ਼ੀਸ਼ ਮਹਿਲ ਪਟਿਆਲਾ ਦੇ ਵਿਹੜੇ ਸਰਸ ਮੇਲੇ ਵਿੱਚ ਹਰ ਰੰਗ ਦੇਖਣ ਨੂੰ ਮਿਲ ਰਿਹੈ।ਸੱਭਿਆਚਾਰਕ ਪ੍ਰੋਗਰਾਮ ਦੇ ਮੇਜ਼ਬਾਨ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਅੱਜ ਮੇਲੇ ਵਿੱਚ ਬਾਬੇ ਭੰਗੜਾ ਪਾਉਂਦੇ ਸਿਰਲੇਖ ਹੇਠ ਸੀਨੀਅਰ ਸਿਟੀਜਨ ਦਾ ਫ਼ੈਸ਼ਨ ਸ਼ੋਅ ਕਰਵਾਇਆ ਗਿਆ, ਜਿਸ ਵਿੱਚ ਪੰਜਾਹ ਸਾਲ ਤੋਂ ਅੱਸੀ ਸਾਲ ਤੱਕ ਦੇ ਬਜ਼ੁਰਗਾਂ ਨੇ ਕਪਲ ਡਾਂਸ ਤੇ ਕੈਟ ਵਾਕ ਕੀਤੀ।ਬਾਬਿਆਂ ਤੇ ਬਜ਼ੁਰਗ ਮਾਤਾਵਾਂ ਨੇ ਬਾਬੇ ਭੰਗੜਾ ਪਾਉਂਦੇ ਨੇ, ਰੰਗਲਾ ਪੰਜਾਬ ਤੇ ਕਿੰਨਾ ਸੋਹਣਾ ਹੈ ਪਟਿਆਲਾ ਗੀਤਾਂ 'ਤੇ ਖ਼ੂਬਸੂਰਤ ਨਾਚ ਨੱਚੇ ਤੇ ਮੇਲੀਆਂ ਨੂੰ ਨੱਚਣ ਲਾ ਦਿੱਤਾ। ਬਜ਼ੁਰਗਾਂ ਵਿੱਚ ਸੁਰਿੰਦਰ ਆਹਲੂਵਾਲੀਆ, ਨਾਹਰ ਸਿੰਘ, ਹਰਿੰਦਰ ਕੌਰ 72 ਸਾਲ, ਬਲਵਿੰਦਰ ਸਿੰਘ, ਬਲਦੇਵ ਸਿੰਘ (78 ਸਾਲ), ਨਿਰਭਲ ਮਾਂਗਟ ਆਦਿ ਨੇ ਖ਼ੂਬ ਰੰਗ ਬੰਨ੍ਹਿਆ।ਯੋਗਾ ਦੇ ਮੁਕਾਬਲੇ ਵਿੱਚ ਮਨਸੀਰਤ ਕੌਰ ਨੇ ਪਹਿਲਾ, ਨੈਤਿਕ ਸ਼ਰਮਾ ਤੇ ਤਨਵੀਰ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਵਿਸ਼ੇਸ਼ ਪ੍ਰਤਿਭਾ ਮੁਕਾਬਲੇ ਵਿੱਚ ਹਾਰਦਿਕ ਹਾਂਡਾ ਨੇ ਤਬਲਾ ਤੇ ਢੱਡ ਵਜਾ ਕੇ ਬਾਜ਼ੀ ਮਾਰੀ।

270 ਲੋੜਵੰਦਾਂ ਨੂੰ ਦਿੱਤੀ ਮਹੀਨਾਵਾਰ ਸਹਾਇਤਾ ਰਾਸ਼ੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡੇਰਾ ਭਾਈ ਮਸਤਾਨ ਸਿੰਘ ਵਿਖੇ ਮਹੰਤ ਕਸ਼ਮੀਰ ਸਿੰਘ ਦੀ ਅਗਵਾਈ ਵਿੱਚ 270 ਲੋੜਵੰਦ ਲੋਕਾਂ ਨੂੰ ਦੋ ਲੱਖ ਵੀਹ ਹਜ਼ਾਰ ਰੁਪਏ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਮਹੀਨਾਵਾਰ ਸਹਾਇਤਾ ਰਾਸ਼ੀ ਬਜ਼ੁਰਗ ਵਿਧਵਾਵਾਂ, ਬੇਸਹਾਰਾ ਬਜ਼ੁਰਗਾਂ, ਬੇਸਹਾਰਾ ਬੱਚਿਆਂ ਤੇ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਹਰ ਮਹੀਨੇ ਦਿੱਤੀ ਜਾਂਦੀ ਹੈ, ਇਹ ਲੜੀ ਪਿਛਲੇ 8 ਸਾਲਾਂ ਤੋਂ ਲਗਾਤਾਰ ਜਾਰੀ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਡਾ. ਐਸ.ਪੀ.ਸਿੰਘ ਓਬਰਾਏ ਵੱਲੋਂ ਅਪਣੀ ਨੇਕ ਕਮਾਈ ਵਿਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ ਕਿਉਂਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ ਤੇ ਇਸ ਤੋਂ ਇਲਾਵਾ ਮਾਨਵਤਾ ਦੀ ਭਲਾਈ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਕੰਮ ਲਗਾਤਾਰ ਜਾਰੀ ਹਨ।

ਪੁਲਸ ਲਾਈਨ ਵਿਖੇ ਮਿੰਨੀ ਮੈਰਾਥਨ ਤੇ ਬਾਸਕਿਟਬਾਲ ਮੁਕਾਬਲੇ ਕਰਵਾਏ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਸ੍ਰ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਸੰਬੰਧੀ ਵਿੱਢੀ ਗਈ ਮੁਹਿਮ ਤਹਿਤ ਬਠਿੰਡਾ ਪੁਲਸ ਵੱਲੋਂ ਪੁਲਸ ਲਾਈਨ ਬਠਿੰਡਾ ਦੇ ਖੇਡ ਸਟੇਡੀਅਮ ਵਿਖੇ ਮਿੰਨੀ ਮੈਰਾਥਨ ਤੇ ਬਾਸਕਿਟਬਾਲ ਦੇ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਬਠਿੰਡਾ ਪੁਲਸ ਵੱਲੋਂ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲਿਆਂ ਨੂੰ ਐਂਟੀ-ਡਰੱਗ ਟੀ-ਸ਼ਰਟਾਂ ਵੀ ਵੰਡੀਆਂ ਗਈਆਂ।ਮਿੰਨੀ ਮੈਰਾਥਨ ਰੇਸ ਨੂੰ ਸ੍ਰੀ ਹਰਜੀਤ ਸਿੰਘ ਆਈ.ਪੀ.ਐੱਸ., ਡੀ.ਆਈ.ਜੀ. ਬਠਿੰਡਾ ਰੇਂਜ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ।ਇਹ ਰੇਸ 10 ਕਿਲੋਮੀਟਰ ਸੀ, ਜੋ ਸ਼ਹਿਰ ਦੇ ਵੱਖ-ਵੱਖ ਭਾਗਾਂ ਵਿੱਚੋਂ ਦੀ ਹੁੰਦੀ ਹੋਈ ਵਾਪਸ ਪੁਲਸ ਲਾਈਨ ਬਠਿੰਡਾ ਵਿਖੇ ਸਮਾਪਤ ਹੋਈ।ਇਸ ਰੇਸ ਦੌਰਾਨ ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲਿਆਂ ਨੂੰ 5100/- ਰੁਪਏ, ਦੂਸਰੇ ਨੰਬਰ 'ਤੇ 3100/- ਰੁਪਏ ਤੇ ਤੀਸਰੇ ਨੰਬਰ ਵਾਲੇ ਨੂੰ 2100/- ਰੁਪਏ ਇਨਾਮ ਦਿੱਤੇ ਗਏ।ਇਸ ਤੋਂ ਇਲਾਵਾ 4 ਤੋਂ 10 ਤੱਕ ਆਉਣ ਵਾਲਿਆਂ ਨੂੰ 1000/- ਰੁਪਏ ਤੇ 11 ਤੋਂ 15 ਤੱਕ ਆਉਣ ਵਾਲਿਆਂ ਨੂੰ 500/- ਰੁਪਏ ਇਨਾਮ ਦੀ ਰਾਸ਼ੀ ਦਿੱਤੀ ਗਈ।ਇਸ ਈਵੈਂਟ ਵਿੱਚ ਭਾਗ ਲੈਣ ਵਾਲਿਆਂ ਨੂੰ ਸਰਟੀਫਿਕੇਟ ਵੰਡੇ ਗਏ।

ਇਸ ਤੋਂ ਇਲਾਵਾ ਬਾਸਕਿਟਬਾਲ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਵਾਲੀ ਟੀਮ ਨੂੰ 11000/- ਸਮੇਤ ਟਰਾਫੀ, ਦੂਜੇ ਸਥਾਨ ਵਾਲੀ ਟੀਮ ਨੂੰ 5100/- ਰੁਪਏ ਸਮੇਤ ਟਰਾਫੀ ਤੇ ਇੱਕ ਬੈਸਟ ਪਲੇਅਰ ਨੂੰ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ।ਇਨ੍ਹਾਂ ਮੁਕਾਬਲਿਆਂ ਤੋਂ ਬਾਅਦ ਬਠਿੰਡਾ ਪੁਲਸ ਵੱਲੋਂ ਕਲਚਰਲ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਇਸ ਪ੍ਰੋਗਰਾਮ ਦੌਰਾਨ ਸ੍ਰੀ ਸ਼ੌਕਤ ਅਹਿਮਦ ਪਰੇ ਆਈ.ਏ.ਐੱਸ, ਡਿਪਟੀ ਕਮਿਸ਼ਨਰ ਬਠਿੰਡਾ, ਸ੍ਰੀ ਜਗਰੂਪ ਸਿੰਘ ਗਿੱਲ ਹਲਕਾ ਸ਼ਹਿਰੀ ਐੱਮ.ਐੱਲ.ਏ., ਸ੍ਰੀ ਜਗਸੀਰ ਸਿੰਘ ਐੱਮ.ਐੱਲ.ਏ. ਹਲਕਾ ਭੁੱਚੋ, ਸ੍

24 Feb Page-8.qxd 2/23/2025 10:36 PM Page 1

ਚਿੱਟਾ ਵੇਚਣ ਦੇ ਇਲਜ਼ਾਮਾਂ ਦੀ ਸਾਹਮਣੇ ਆਈ ਵੀਡੀਓ ਨੇ ਦੋਸ਼ੀ ਨੂੰ ਸਲਾਖਾਂ ਪਿੱਛੇ ਪਹੁੰਚਾਇਆ

ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)- ਜ਼ਿਲ੍ਹਾ ਪੁਲਸ ਨੇ ਇੱਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ, ਜਿਸ ਵਿੱਚ ਦੋ ਲੜਕੀਆਂ ਨੇ ਲੋਹਗੜ੍ਹ ਦੇ ਇੱਕ ਵਿਅਕਤੀ ਮਨਜੀਤ ਸਿੰਘ 'ਤੇ ਜ਼ੀਰਕਪੁਰ ਖੇਤਰ ਦੇ ਲੋਹਗੜ੍ਹ ਵਿੱਚ ਚਿੱਟਾ ਸਪਲਾਈ ਕਰਨ ਦੇ ਦੋਸ਼ ਲਾਏ ਹਨ, ਦੇ ਸਾਹਮਣੇ ਆਉਣ ਤੋਂ ਬਾਅਦ ਤੁਰੰਤ ਕਾਰਵਾਈ ਕਰਦੇ ਹੋਏ ਉਕਤ ਦੋਸ਼ੀ ਦੇ ਕੋਲੋਂ ਪਾਬੰਦੀਸ਼ੁਦਾ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਕਰਕੇ ਮਾਮਲਾ ਦਰਜ ਕਰ ਲਿਆ ਹੈ।ਐਸ.ਪੀ. (ਦਿਹਾਤੀ) ਮਨਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਲਈ ਡੀ.ਐਸ.ਪੀ ਜ਼ੀਰਕਪੁਰ ਜਸਪਿੰਦਰ ਸਿੰਘ ਦੀ ਅਗਵਾਈ ਹੇਠ ਦੋ ਟੀਮਾਂ ਦਾ ਗਠਨ ਕੀਤਾ ਗਿਆ ਸੀ। ਕਾਰਵਾਈ ਦੌਰਾਨ ਉਕਤ ਵਿਅਕਤੀ ਨੂੰ ਕਾਬੂ ਕਰ ਲਿਆ ਗਿਆ ਅਤੇ ਉਸ ਦੀ ਪਛਾਣ ਮਨਜੀਤ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਲੋਹਗੜ੍ਹ, ਜ਼ੀਰਕਪੁਰ ਵਜੋਂ ਹੋਈ। ਉਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 2 ਗ੍ਰਾਮ ਚਿੱਟਾ ਬਰਾਮਦ ਹੋਇਆ ਅਤੇ ਉਸ ਦੇ ਖਿਲਾਫ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21 ਦੇ ਅਧੀਨ ਅਧੀਨ ਐੱਫ. ਆਈ ਆਰ ਨੰਬਰ 91 ਦਰਜ ਕੀਤੀ ਗਈ।

ਵਿਦਿਅਕ ਅਦਾਰਿਆਂ ਲਈ ਫੰਡਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਕੁਲਵੰਤ ਸਿੰਘ

ਮੋਹਾਲੀ (ਗੁਰਜੀਤ ਬਿੱਲਾ) : ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਦੌਰਾਨ ਪੰਜਾਬ ਲਈ ਸਿੱਖਿਆ ਅਤੇ ਸਿਹਤ ਦੇ ਪੱਧਰ ਨੂੰ ਉਤਾਂਹ ਚੁੱਕੇ ਜਾਣ ਦਾ ਐਲਾਨ ਕੀਤਾ ਗਿਆ ਸੀ। ਇਸ ਲਈ 3 ਵਰ੍ਹਿਆਂ ਤੋਂ ਲਗਾਤਾਰ ਆਮ ਆਦਮੀ ਪਾਰਟੀ ਦਾ ਹਰ ਇੱਕ ਨੁਮਾਇੰਦਾ ਇਸ ਕੰਮ ਵਿੱਚ ਜੁਟਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਸਿੱਖਿਆ ਅਤੇ ਸਿਹਤ ਲਈ ਲਗਾਤਾਰ ਲੋੜੀਂਦਾ ਪੈਸਾ ਭੇਜਿਆ ਜਾ ਰਿਹਾ ਹੈ। ਵਿਦਿਅਕ ਅਦਰਿਆਂ ਲਈ ਪੈਸਾ ਭੇਜਿਆ ਜਾ ਰਿਹਾ ਹੈ, ਉੱਥੇ 100% ਲੱਗ ਰਿਹਾ ਹੈ , ਜਦਕਿ ਪਹਿਲਾਂ ਦੀਆਂ ਸਰਕਾਰਾਂ ਵੇਲੇ ਪੂਰਾ ਪੈਸਾ ਕਦੇ ਵੀ ਨਹੀਂ ਲੱਗਿਆ, ਉਹ ਵਿਚੋਲੀਆਂ ਕੋਲ ਕਮਿਸ਼ਨ ਦੇ ਰੂਪ ਵਿੱਚ, ਠੱਗੀ ਅਤੇ ਬੇਈਮਾਨ ਦੇ ਰੂਪ ਵਿੱਚ ਲੱਗ ਜਾਂਦਾ ਸੀ। ਇਹ ਗੱਲ ਮੋਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਕਹੀ। ਵਿਧਾਇਕ ਕੁਲਵੰਤ ਸਿੰਘ ਅੱਜ ਪਿੰਡ ਸਨੇਟਾ ਵਿਖੇ ਸਥਿਤ ਸਰਕਾਰੀ ਹਾਈ ਸਕੂਲ ਸਨੇਟਾ ਕੈਂਪਸ ਵਿਖੇ ਸਲਾਨਾ ਸਮਾਗਮ -'ਰਿਫਲੈਕਸ਼ਨ' ਵਿੱਚ ਮੁੱਖ ਮਹਿਮਾਨ ਵੱਜੋਂ ਸ਼ਮੂਲੀਅਤ ਕਰਨ ਦੇ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਅੱਜ

ਸਕੂਲ ਦੇ ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਵੱਖ-ਵੱਖ ਪੇਸ਼ਕਾਰੀਆਂ ਵੇਖ ਕੇ ਸਕੂਲ ਦੇ ਪ੍ਰਿੰਸੀਪਲ ਸ਼ੁਭਵੰਤ ਕੌਰ ਅਤੇ ਸਟਾਫ ਨੂੰ ਵਧਾਈ ਦਿਤੀ। ਵਿਧਾਇਕ ਕੁਲਵੰਤ ਸਿੰਘ ਨੇ ਦੁਹਰਾਇਆ ਕਿ ਪੰਜਾਬ ਵਿੱਚ ਦਹਾਕਿਆਂ ਤੋਂ ਸ਼ੁਰੂ ਹੋਈ ਰਿਸ਼ਵਤਖੋਰੀ ਨੂੰ ਖਤਮ ਕਰਨ ਦੇ ਲਈ ਸਾਡੀ ਸਰਕਾਰ ਯਤਨਸ਼ੀਲ ਹੈ ਅਤੇ ਮੇਰੀ ਇਹ ਹਾਜ਼ਰੀਨ ਨੂੰ ਅਪੀਲ ਹੈ ਕਿ ਕਿਸੇ ਨੂੰ ਵੀ ਕਿਸੇ ਵੀ ਸਰਕਾਰੀ ਕੰਮ ਲਈ ਰਿਸ਼ਵਤ ਦੇਣ ਦੀ ਜ਼ਰੂਰਤ ਨਹੀਂ ਅਤੇ ਉਹ ਸਿੱਧਾ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ। ਮੈਂ ਇਹ ਭਰੋਸਾ ਦਿਵਾਉਂਦਾ ਹਾਂ ਕਿ ਉਹਨਾਂ ਦਾ ਕੰਮ ਹਰ ਹੀਲੇ ਸਮਾਂ ਰਹਿੰਦਿਆਂ ਅਤੇ ਬਿਨਾਂ ਕਿਸੇ ਪੈਸੇ ਦੇ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਹੋਰਾਂ ਦੇ ਵੱਲੋਂ ਪੰਜਾਬ ਦੇ ਸਮੁੱਚੇ ਵਿਦਿਅਕ ਅਦਾਰਿਆਂ ਲਈ ਲੋੜੀਂਦੇ ਫੰਡਸ ਲਗਾਤਾਰ ਭੇਜੇ ਜਾ ਰਹੇ ਹਨ। ਇਸ ਮੌਕੇ ਡੀ ਈ ਓ ਗਿੰਨੀ ਦੁਗਲ, ਡਿਪਟੀ ਡੀ ਈ ਓ ਅੰਗਰੇਜ਼ ਸਿੰਘ, ਸ਼ੁਭਵੰਤ ਕੌਰ ਮੁੱਖ ਅਧਿਆਪਕਾ, ਕੁਲਦੀਪ ਸਿੰਘ ਸਮਾਣਾ, ਆਰ ਪੀ ਸ਼ਰਮਾ, ਹਰਪਾਲ ਸਿੰਘ ਚੰਨਾ, ਜਸਪਾਲ ਸਿੰਘ ਮਟੌਰ, ਅਵਤਾਰ ਸਿੰਘ ਮੌਲੀ, ਕਰਮਜੀਤ ਸਿੰਘ ਚਿੱਲਾ, ਗੁਰਦੇਸ਼ ਸਿੰਘ ਸਰਪੰਚ, ਸਨੇਟਾ, ਰਾਜੀਵ ਕੁਮਾਰ ਸਾਬਕਾ ਸਰਪੰਚ ਸਨੇਟਾ, ਮਲਕੀਤ ਸਿੰਘ ਸਰਪੰਚ ਦੁਰਾਲੀ, ਰਮੇਸ਼ਵਰ ਦਾਸ ਸਨੇਟਾ, ਰੂਪ ਚੰਦ ਸਨੇਟਾ ਅਤੇ ਨਿਰਮਲ ਸਿੰਘ ਵੀ ਹਾਜ਼ਰ ਸਨ।

ਹੈਰੋਇਨ ਸਮੇਤ ਕਾਬੂ

ਕਪੂਰਥਲਾ (ਮਨਜੀਤ ਮਾਨ)- ਗੌਰਵ ਤੂਰਾ ਆਈ ਪੀ ਐਸ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਿਆਂ ਦੇ ਸਮੱਗਲਰਾਂ ਨੂੰ ਕਾਬੂ ਕਰਨ ਲਈ ਦਿੱਤੇ ਗਏ ਸਖ਼ਤ ਨਿਰਦੇਸ਼ ਦੇ ਤਹਿਤ ਕਰਨੈਲ ਸਿੰਘ ਪੀ ਪੀ ਐਸ ਉਪ ਪੁਲਸ ਕਪਤਾਨ ਸਬ ਡਵੀਜ਼ਨ ਭੁਲੱਥ ਕਪੂਰਥਲਾ ਆਈ ਐਨ ਐਸ ਪੀ ਕੰਵਰਜੀਤ ਸਿੰਘ ਬੱਲ ਮੁੱਖ ਅਫਸਰ ਥਾਣਾ ਸੁਭਾਨਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਸੁਖਵਿੰਦਰ ਕੁਮਾਰ ਸਮੇਤ ਸਾਥੀ ਕਰਮਚਾਰੀਆਂ ਦੇ ਦੌਰਾਨ ਗਸ਼ਤ ਬਿੰਦਰ ਸਿੰਘ ਉਰਫ਼ ਬਿੰਦੀ ਵਾਸੀ ਜਗਜੀਤ ਨਗਰ ਹਮੀਰਾ ਥਾਣਾ ਸੁਲਤਾਨਪੁਰ ਜ਼ਿਲ੍ਹਾ ਕਪੂਰਥਲਾ ਪਾਸੋਂ 22 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ਜਿਸ ਦੇ ਖਿਲਾਫ ਅਪਰਾਧ ਧਾਰਾ ਐਨ ਡੀ ਪੀ ਐਸ ਐਕਟ ਦਰਜ਼ ਕਰਕੇ ਕਾਮਯਾਬੀ ਹਾਸਲ ਕੀਤੀ।

ਰਾਹ ਜਾਂਦੀ ਕਾਰ ਨੂੰ ਲੱਗੀ ਭਿਆਨਕ ਅੱਗ, ਚਾਲਕ ਜ਼ਖ਼ਮੀ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ) ਕਪੂਰਥਲਾ-ਜਲੰਧਰ ਜ਼ਿਲ੍ਹੇ ਦੀ ਹੱਦ ਉੱਤੇ ਪਿੰਡ ਬਾੜਾ ਜਗੀਰ ਦੇ ਨਜ਼ਦੀਕ ਸ਼ਾਮ ਲੋਹੀਆਂ ਮਲਸੀਆਂ ਰੋਡ 'ਤੇ ਇੱਕ ਆਲਟੋ ਕਾਰ ਨੂੰ ਭਿਆਨਕ ਅੱਗ ਲੱਗ ਗਈ ਤੇ ਕਾਰ ਚਾਲਕ ਗੰਭੀਰ ਰੂਪ 'ਚ ਜ਼ਖਮੀ ਹੋ ਗਿਆ ਜਿਸ ਨੂੰ ਇੱਕ ਨਿੱਜੀ ਹਸਪਤਾਲ ਲੋਹੀਆਂ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਲੇਕਿਨ ਕਾਰ ਚਾਲਕ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਡਾਕਟਰਾਂ ਨੇ ਉਸ ਨੂੰ ਜਲੰਧਰ ਰੈਫਰ ਕਰ ਦਿੱਤਾ ਹੈ।ਮਿਲੀ ਜਾਣਕਾਰੀ ਅਨੁਸਾਰ ਅਮਨਪ੍ਰੀਤ ਸਿੰਘ ਪੁੱਤਰ ਬਲਵੀਰ ਸਿੰਘ ਪਿੰਡ ਮੁਰੀਦਵਾਲ ਜਦੋਂ ਮਲਸੀਆਂ ਵੱਲੋਂ ਲੋਹੀਆਂ ਨੂੰ ਜਾ ਰਿਹਾ ਸੀ ਤਾਂ ਅਚਾਨਕ

ਪਿੰਡ ਵਾੜਾ ਜਗੀਰ ਕੋਲ ਪੁੱਜ ਕੇ ਉਸ ਦੀ ਕਾਰ ਬਹੁਤ ਜ਼ੋਰ ਦੀ ਉਛਲੀ ਤੇ ਕਾਰ ਨੂੰ ਭਿਆਨਕ ਅੱਗ ਲੱਗ ਗਈ ਤੇ ਕਾਰ ਦੀਆਂ ਕਈ ਪਲਟੀਆਂ ਲੱਗ ਗਈਆਂ। ਜਦਕਿ ਉਸ ਦੀ ਕਾਰ ਦੇ ਪਿੱਛੇ ਆ ਰਹੇ ਦੂਸਰੀ ਕਾਰ 'ਚ ਉਸ ਦੀ ਪਤਨੀ ਤੇ ਭਰਾ ਨੇ ਉਸ ਨੂੰ ਕਾਰ 'ਚੋਂ ਗੰਭੀਰ ਹਾਲਤ 'ਚ ਬਾਹਰ ਕੱਢਿਆ ਤੇ ਉਸ ਨੂੰ ਜੋਸਨ ਹਸਪਤਾਲ ਲੋਹੀਆਂ ਵਿਖੇ ਇਲਾਜ ਲਈ ਲਿਆਂਦਾ ਗਿਆ ।ਡਾਕਟਰ ਰਾਜੀਵ ਕੁਮਾਰ ਅਤੇ ਡਾ. ਗੁਰਿੰਦਰ ਸਿੰਘ ਜੋਸਨ ਵੱਲੋਂ ਕੀਤੀ ਗਈ ਜਾਂਚ ਤੋਂ ਬਾਅਦ ਅਮਨਪ੍ਰੀਤ ਸਿੰਘ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ । ਇਸ ਮੌਕੇ 'ਤੇ ਡਾ. ਰਾਜੀਵ ਨੇ ਦੱਸਿਆ ਕਿ ਜ਼ਖਮੀ ਅਮਨਪ੍ਰੀਤ ਦਾ ਜਿੱਥੇ ਚੂਲਾ ਬੁਰੀ ਤਰ੍ਹਾਂ ਟੁੱਟ ਗਿਆ ਹੈ ਤੇ ਗਿੱਟੇ 'ਚ ਵੀ ਫਰੈਕਚਰ ਹੈ ਤੇ ਹੋਰ ਵੀ ਸ਼ਰੀਰ 'ਤੇ ਸੱਟਾਂ ਹਨ। ਇੱਥੇ ਜ਼ਿਕਰਯੋਗ ਹੈ ਕਿ ਗੰਭੀਰ ਜ਼ਖਮੀ ਅਮਨਪ੍ਰੀਤ ਦਾ ਪਿਤਾ ਲੋਹੀਆਂ ਥਾਣੇ 'ਚ ਹੀ ਤਾਇਨਾਤ ਹੈ।

ਸਿਹਤ ਵਿਭਾਗ ਵੱਲੋਂ ਪਿੰਡ ਪੱਧਰ 'ਤੇ ਵੀ ਐੱਚ ਐੱਸ ਐੱਨ ਸੀ ਕਮੇਟੀਆਂ ਦੀ ਮੀਟਿੰਗ

ਕਰਤਾਰਪੁਰ (ਹਰਮੇਸ਼ ਦੱਤ) - ਸਿਹਤ ਵਿਭਾਗ ਵਿੱਚ ਆਮ ਲੋਕਾਂ ਦੀ ਭਾਗੀਦਾਰੀ ਨੂੰ ਵਧਾਉਣ ਦੇ ਮਕਸਦ ਨਾਲ ਵਿਭਾਗ ਵੱਲੋਂ ਪਿੰਡ ਪੱਧਰ 'ਤੇ ਪੇਂਡੂ ਸਿਹਤ ਸਫਾਈ ਅਤੇ ਪੋਸ਼ਣ ਕਮੇਟੀ ਦਾ ਗਠਨ ਕੀਤਾ ਗਿਆ ਹੈ । ਇਸ ਕਮੇਟੀ ਵਿੱਚ ਪੰਚਾਇਤ ਮੈਂਬਰ, ਵੱਖ-ਵੱਖ ਵਿਭਾਗਾਂ ਦੇ ਕਰਮਚਾਰੀ, ਐਨ.ਜੀ.ਓ ਅਤੇ ਆਮ ਲੋਕ ਆਦਿ ਇਸ ਕਮੇਟੀ ਦੇ ਮੈਂਬਰ ਹੁੰਦੇ ਹਨ। ਕਮੇਟੀ ਦੁਆਰਾ ਪਿੰਡ ਪੱਧਰ ਤੇ ਸਾਫ਼ ਸਫ਼ਾਈ, ਖੁਰਾਕ ਅਤੇ ਬਿਮਾਰੀਆਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਯੋਜਨਾਵਾਂ ਅਤੇ ਸਿਹਤ ਸੇਵਾਵਾਂ ਨੂੰ ਬਿਹਤਰ ਮੁਹੱਈਆ ਕਰਵਾਉਣ ਲਈ ਉਪਰਾਲੇ ਕੀਤੇ ਜਾਂਦੇ ਹਨ। ਇਸ ਦੇ ਤਹਿਤ ਸਿਹਤ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਅਤੇ ਸਿਵਲ ਸਰਜਨ ਜਲੰਧਰ ਡਾ. ਗੁਰਮੀਤ ਲਾਲ ਦੇ ਹੁਕਮਾਂ ਅਨੁਸਾਰ ਵੀ.ਐਚ.ਐਸ.ਐਨ.ਸੀ. ਕਮੇਟੀਆਂ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗ ਕਰ ਆਮ ਲੋਕਾਂ ਨੂੰ ਸਿਹਤ ਸਕੀਮਾਂ ਅਤੇ ਵੱਖ-ਵੱਖ ਸਿਹਤ ਪ੍ਰੋਗਰਾਮਾਂ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਸੀਨੀਅਰ ਮੈਡੀਕਲ ਅਫ਼ਸਰ ਕਰਤਾਰਪੁਰ ਡਾ. ਸਰਬਜੀਤ ਸਿੰਘ ਨੇ ਦੱਸਿਆ ਕਿ ਬਲਾਕ ਕਰਤਾਰਪੁਰ ਅਧੀਨ ਆਉਂਦੇ ਪਿੰਡਾਂ ਚੋਗਾਵਾਂ, ਸਹਿਚਰੀ, ਰਧੰਵਾਂ, ਕਾਹਲਵਾਂ, ਅਠੌਲਾ, ਹੀਰਾਪੁਰ ਚ ਵੀ.ਐਚ.ਐਸ.ਐਨ.ਸੀ. ਕਮੇਟੀਆਂ ਦੀ ਮੀਟਿੰਗ ਕੀਤੀ ਗਈ।ਇਸ ਦੌਰਾਨ ਮੈਂਬਰਾਂ ਵੱਲੋਂ ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਚਲਾਇਆ ਜਾ ਰਿਹਾ ਹੈ। ਸਿਹਤ ਸਕੀਮਾਂ ਪ੍ਰਤੀ ਜਾਗਰੂਕ ਕਰਨ ਦੇ ਨਾਲ-ਨਾਲ ਪਿੰਡ ਦੀ ਸਾਫ ਸਫ਼ਾਈ, ਮੌਸਮੀ ਬਿਮਾਰੀਆਂ, ਗੈਰ ਸੰਚਾਰੀ ਰੋਗਾਂ, ਸੌ ਦਿਨਾਂ ਟੀ.ਬੀ. ਮੁਕਤ ਭਾਰਤ ਮੁਹਿੰਮ ਆਦਿ ਸਬੰਧੀ ਜਾਗਰੂਕ ਕੀਤਾ ਗਿਆ ।ਇਸ ਮੌਕੇ ਪਿੰਡ ਚੋਗਾਵਾਂ ਦੇ ਸਰਪੰਚ ਪ੍ਰਦੀਪ ਕੁਮਾਰ,ਸੰਤੋਖ ਸਿੰਘ, ਦਲਬੀਰ ਸਿੰਘ, ਪੰਚ ਪਿੰਕੀ ਪੰਚ ਕੁਲਬੀਰ ਕੌਰ,ਵੰਦਨਾ ਕੁਮਾਰੀ, ਰੀਨਾ, ਆਸ਼ਾ ਸੰਤੋਖ ਕੁਮਾਰੀ, ਸਰਬਜੀਤ ਕੌਰ, ਪੰਚ ਜਸਵਿੰਦਰ ਕੌਰ, ਸੀਐਚ ਓ ਚੇਤਨਾ, ਮਨਜਿੰਦਰ ਕੌਰ, ਕਮਲੇਸ਼, ਹਰਪ੍ਰੀਤ ਕੌਰ, ਇੰਦੂ, ਏ.ਐਨ.ਐਮ. ਪ੍ਰਦੀਪ ਕੌਰ, ਸਰਬਜੀਤ ਕੌਰ, ਕਮਨੀ, ਪ੍ਰੀਤੀ,ਰਾਣੀ ਬਾਲਾ, ਜਗਜੀਤ ਸਿੰਘ ,ਬਲਜਿੰਦਰ ਸਿੰਘ ਸੁਰਜੀਤ ਕੁਮਾਰ ਬਲਜਿੰਦਰ ਸਿੰਘ ਆਦਿ ਹਾਜਰ ਸਨ।

ਪੀ ਐੱਸ ਪੀ ਐੱਲ ਵੱਲੋਂ ਨੋਡਲ ਸ਼ਿਕਾਇਤ ਸੈੱਲ ਦੇ ਸੰਪਰਕ ਨੰਬਰ ਜਾਰੀ

ਐਸਏਐਸ ਨਗਰ, (ਗੁਰਜੀਤ ਬਿੱਲਾ) ਪੀ ਐਸ ਪੀ ਸੀ ਐਲ ਨੇ ਬਿਜਲੀ ਸਪਲਾਈ ਸੰਬੰਧੀ ਸ਼ਿਕਾਇਤਾਂ ਦਰਜ ਕਰਨ ਲਈ ਮੋਹਾਲੀ ਖੇਤਰ ਵਿੱਚ ਕਾਰਜਸ਼ੀਲ ਨੋਡਲ ਸ਼ਿਕਾਇਤ ਸੈੱਲਾਂ ਦੇ ਸੰਪਰਕ ਨੰਬਰ ਜਾਰੀ ਕੀਤੇ ਹਨ।ਸੀਨੀਅਰ ਕਾਰਜਕਾਰੀ ਇੰਜੀਨੀਅਰ, ਅਪਰੇਸ਼ਨ ਡਵੀਜ਼ਨ (ਸਪੈਸ਼ਲ), ਪੀ ਐਸ ਪੀ ਸੀ ਐਲ ਮੋਹਾਲੀ, ਤਰਨਜੀਤ ਸਿੰਘ ਨੇ ਦੱਸਿਆ ਕਿ ਖਪਤਕਾਰ ਅਪਰੇਸ਼ਨ ਡਵੀਜ਼ਨ (ਸਪੈਸ਼ਲ) ਮੋਹਾਲੀ ਅਧੀਨ ਬਣਾਏ ਗਏ ਨੋਡਲ ਸ਼ਿਕਾਇਤ ਕੇਂਦਰਾਂ ਦੇ ਫੋਨ ਨੰਬਰਾਂ 'ਤੇ ਸੰਪਰਕ ਕਰਕੇ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਇਲਾਕੇ ਅਨੁਸਾਰ ਵਰਗੀਕਰਨ ਕਰਦਿਆਂ ਸੀਨੀਅਰ ਕਾਰਜਕਾਰੀ ਇੰਜਨੀਅਰ ਨੇ ਦੱਸਿਆ ਕਿ ਫੇਜ਼-1 ਤੋਂ ਫੇਜ਼-6 ਮੁਹਾਲੀ (ਰਿਹਾਇਸ਼ੀ ਅਤੇ ਵਪਾਰਕ), ਪਿੰਡ ਮੁਹਾਲੀ, ਬਲੌਂਗੀ, ਦਾਊਂ, ਬੜਮਾਜਰਾ, ਗਰੀਨ ਐਨਕਲੇਵ , 36 ਵੈਸਟ ਅਤੇ ਨੇੜਲੇ ਪਿੰਡ, ਮੁੱਲਾਂਪੁਰ, ਨਵਾਂਗਾਓਂ, ਨੇੜਗਾਉਂ, ਨਿਊ ਚੰਡੀਗੜ੍ਹ, ਸੈਕਟਰ-125, ਸੈਕਟਰ-126 ਮੁਹਾਲੀ ਲਈ ਮੋਬਾਈਲ ਨੰਬਰ (ਨੋਡਲ ਸ਼ਿਕਾਇਤ ਕੇਂਦਰ-1) 96461-15973 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਨੋਡਲ ਸ਼ਿਕਾਇਤ ਕੇਂਦਰ-2 ਵੱਲੋਂ ਸੰਪਰਕ ਨੰਬਰ 96461-19214 ਰਾਹੀਂ ਫੇਜ਼-7 ਤੋਂ ਫੇਜ਼-11 ਮੋਹਾਲੀ (ਰਿਹਾਇਸ਼ੀ ਅਤੇ ਉਦਯੋਗਿਕ ਖੇਤਰ), ਮਟੌਰ, ਸੈਕਟਰ-48 ਸੀ, ਸੈਕਟਰ-76 ਤੋਂ 113 ਮੋਹਾਲੀ, ਸੋਹਾਣਾ, ਪਿੰਡ ਸਨੇਟਾ, ਭਾਗੋਮਾਜਰਾ, ਕੰਬਾਲੀ, ਕੁੰਬੜਾ, ਸਵਾੜਾ, ਚਡਿਆਲਾ ਤੇ ਆਈ ਟੀ ਸਿਟੀ ਲਈ ਸ਼ਿਕਾਇਤ ਨਿਵਾਰਨ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਉਕਤ ਤੋਂ ਇਲਾਵਾ ਖਪਤਕਾਰ, ਪੀ ਐਸ ਪੀ ਸੀ ਐਲ ਦੀ ਖਪਤਕਾਰ ਸੇਵਾ ਐਪ ਰਾਹੀਂ ਵੀ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੇ ਹਨ ਅਤੇ ਉਸ ਫੀਡਰ ਦੀ ਮੌਜੂਦਾ ਸਥਿਤੀ ਦਾ ਵੀ ਪਤਾ ਕਰ ਸਕਦੇ ਹਨ, ਜਿਸ ਰਾਹੀਂ ਖਪਤਕਾਰ ਦੇ ਵਿਸ਼ੇਸ਼ ਖੇਤਰ ਨੂੰ ਸਪਲਾਈ ਦਿੱਤੀ ਜਾਂਦੀ ਹੈ। ਉਹ ਸ਼ਿਕਾਇਤ ਦਰਜ ਕਰਵਾਉਣ ਲਈ ਟੋਲ ਫਰੀ ਨੰਬਰ 1912 'ਤੇ ਵੀ ਸੰਪਰਕ ਕਰ ਸਕਦੇ ਹਨ।

ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ 17ਵੇਂ ਸਥਾਪਨਾ ਦਿਵਸ 'ਤੇ 7.5 ਲੱਖ ਰੁਪਏ ਕੀਤੇ ਦਾਨ

ਜਲੰਧਰ -(ਇਕਬਾਲ ਸਿੰਘ ਉਭੀ)— ਉੱਤਰੀ ਭਾਰਤ ਦਾ ਸਭ ਤੋਂ ਵਧੀਆ ਵਿਦਿਅਕ ਸਮੂਹ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਜੋ ਕਿ ਬੇਸਹਾਰਾ, ਸਮਰੱਥ, ਲੋੜਵੰਦ ਬੱਚਿਆਂ ਅਤੇ ਬਜ਼ੁਰਗਾਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਸਿੱਖਿਆ ਲਈ ਖੜ੍ਹਾ ਹੈ, ਹਰ ਸਾਲ ਸ਼ਹਿਰ ਦੀਆਂ ਸੰਸਥਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਮੁਫ਼ਤ ਸਿੱਖਿਆ, ਬਜ਼ੁਰਗਾਂ ਨੂੰ ਡਾਕਟਰੀ ਇਲਾਜ ਅਤੇ ਲੜਕੀਆਂ ਦੇ ਵਿਆਹ ਲਈ ਵਿੱਤੀ ਦਾਨ ਪ੍ਰਦਾਨ ਕਰਕੇ ਆਪਣਾ ਸਥਾਪਨਾ ਦਿਵਸ ਮਨਾਉਂਦਾ ਹੈ। ਇਸ ਵਾਰ, ਨੇਤਰਹੀਣ ਸਕੂਲ, ਪਿੰਗਲਾ ਘਰ, ਕੋੜ੍ਹ ਆਸ਼ਰਮ, ਅਪਾਹਜ ਆਸ਼ਰਮ, ਨਾਰੀ ਨਿਕੇਤਨ, ਯੂਨੀਕ ਹੋਮ, ਥੈਲੇਸੀਮੀਆ (ਐਨਜੀਓ), 13-13 ਹੱਟੀ, ਅਖੀਰੀ ਉਮੀਦ ਆਦਿ ਸੰਸਥਾਵਾਂ ਨੂੰ 7.5 ਲੱਖ ਰੁਪਏ ਦਾ ਦਾਨ ਦਿੱਤਾ ਗਿਆ। ਇਹ ਦਿਨ ਐਨ.ਆਈ.ਟੀ ਨੇੜੇ ਸੇਂਟ ਸੋਲਜਰ ਕਾਲਜ ਕੈਂਪਸ ਵਿੱਚ ਸਥਾਪਨਾ ਦਿਵਸ ਮਨਾਇਆ ਗਿਆ। ਜਿਸਦੀ ਸ਼ੁਰੂਆਤ ਗਰੁੱਪ ਚੇਅਰਮੈਨ ਅਨਿਲ

24 Feb Page-9.qxd 2/23/2025 10:35 PM Page 1

ਹੈਰੋਇਨ ਤੇ 50 ਨਸ਼ੀਲੀਆਂ ਗੋਲੀਆਂ ਸਮੇਤ ਤਿੰਨ ਨੌਜਵਾਨ ਗ੍ਰਿਫ਼ਤਾਰ

ਆਦਮਪੁਰ, (ਪਰਮਜੀਤ ਸਿੰਘ)- ਪੁਲਸ ਚੌਕੀ ਅਲਾਵਲਪੁਰ ਵੱਲੋਂ 16 ਗ੍ਰਾਮ ਹੈਰੋਇਨ ਤੇ 50 ਨਸ਼ੀਲੀਆਂ ਗੋਲੀਆਂ ਸਮੇਤ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਇਨ੍ਹਾਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ । ਥਾਣਾ ਮੁਖੀ ਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਏ ਐਸ ਆਈ ਪਰਮਜੀਤ ਸਿੰਘ ਚੌਕੀ ਇੰਚਾਰਜ ਅਲਾਵਲਪੁਰ ਵੱਲੋਂ ਨੇੜੇ ਪਸ਼ੂਆਂ ਹਸਪਤਾਲ ਅਲਾਵਲਪੁਰ ਵਿਖੇ ਨਾਕਾਬੰਦੀ ਚੈਕਿੰਗ ਦੌਰਾਨ ਤਿੰਨ ਨੌਜਵਾਨ ਲੜਕੇ ਇੱਕ ਮੋਟਰਸਾਈਕਲ ਪੀਬੀ08ਏਸੀ - 8512 ਹੀਰੋ ਹੌਂਡਾ 'ਤੇ ਸਵਾਰ ਆਦਮਪੁਰ ਪਾਸੋਂ ਆਏ ਅਤੇ ਸਾਹਮਣੇ ਖੜੀ ਪੁਲਸ ਪਾਰਟੀ ਨੂੰ ਦੇਖ ਕੇ ਘਬਰਾ ਕੇ ਆਪਣਾ ਮੋਟਰਸਾਈਕਲ ਨੂੰ ਪਿੱਛੇ ਨੂੰ ਮੋੜਨ ਲੱਗੇ। ਇਨ੍ਹਾਂ ਦੇ ਮੋਟਰਸਾਈਕਲ ਦੇ ਹੈਂਡਲ ਨਾਲ ਇੱਕ ਚਿੱਟੇ ਰੰਗ ਦਾ ਮੋਮੀ ਲਿਫਾਫਾ ਬੰਨਿਆ ਹੋਇਆ ਸੀ। ਸ਼ੱਕ ਪੈਣ 'ਤੇ ਪੁਲਸ ਨੇ ਇੰਨ੍ਹਾਂ ਨੂੰ ਕਾਬੂ ਕੀਤਾ ਤੇ ਮੋਟਰਸਾਈਕਲ ਚਾਲਕ ਦਾ ਨਾਂਅ ਪੁੱਛਿਆ। ਉਸ ਨੇ ਆਪਣਾ ਨਾਂਅ ਅਮਨਦੀਪ ਉਰਫ ਅਮਨ ਪੁੱਤਰ ਸੁਖਦੇਵ ਰਾਜ,ਵਿਚਕਾਰ ਬੈਠੇ ਵਿਅਕਤੀ ਨੇ ਆਪਣਾ ਨਾਂਅ ਗੁਰਮੀਤ ਸਿੰਘ ਉਰਫ ਸੋਨੂੰ ਪੁੱਤਰ ਦਲਜੀਤ ਸਿੰਘ ਦੋਨੋਂ ਵਾਸੀ ਪਿੰਡ ਕੰਦੋਲਾ ਥਾਣਾ ਆਦਮਪੁਰ, ਪਿੱਛੇ ਬੈਠੇ ਨੌਜਵਾਨ ਨੇ ਆਪਣਾ ਨਾਂਅ ਗੋਪਾਲ ਸਿੰਘ ਉਰਫ ਗੋਪਾ ਪੁੱਤਰ ਬਲਵਿੰਦਰ ਸਿੰਘ ਵਾਸੀ ਮੁਹੱਲਾ ਜੱਟਾਂ ਆਦਮਪੁਰ ਦੱਸਿਆ। ਹੈਂਡਲ ਨਾਲ ਟੰਗੇ ਲਿਫਾਫੇ ਦੀ ਤਲਾਸ਼ੀ ਲੈਣ ਉਪਰੰਤ ਉਸ ਵਿੱਚੋਂ 16 ਗ੍ਰਾਮ ਹੈਰੋਇਨ ਸਮੇਤ 50 ਖੁੱਲੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਉਪਰੋਕਤ ਨੌਜਵਾਨਾਂ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰਕੇ ਵੱਖ-ਵੱਖ ਧਰਾਵਾਂ ਤਹਿਤ ਥਾਣਾ ਆਦਮਪੁਰ ਵਿਖੇ ਮਾਮਲਾ ਦਰਜ ਕੀਤਾ ਗਿਆ।

ਹੋਲਾ ਮਹੱਲਾ ਦੀਆਂ ਤਿਆਰੀਆਂ ਨੂੰ ਦਿੱਤੀਆਂ ਜਾ ਰਹੀਆਂ ਅੰਤਿਮ ਛੋਹਾਂ

● ਡੀ ਸੀ ਵੱਲੋਂ ਅਧਿਕਾਰੀਆਂ ਨੂੰ ਲਗਨ ਨਾਲ ਕੰਮ ਕਰਨ ਦੀ ਹਦਾਇਤ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਹੋਲਾ ਮਹੱਲਾ 2025 ਲਈ ਪ੍ਰਸ਼ਾਸਨ ਪੂਰੀਆਂ ਤਿਆਰੀਆਂ ਕਰਨ ਵਿਚ ਜੁੱਟ ਗਿਆ ਹੈ।ਸਾਰੇ ਵਿਭਾਗਾਂ ਦੇ ਅਧਿਕਾਰੀ ਪੱਬਾ ਭਾਰ ਹੋ ਗਏ ਹਨ। ਸ੍ਰੀ ਹਿਮਾਸ਼ੂ ਜੈਨ ਡਿਪਟੀ ਕਮਿਸ਼ਨਰ ਰੂਪਨਗਰ ਵੱਲੋਂ ਹੋਲਾ ਮਹੱਲਾ ਪ੍ਰਬੰਧਾਂ ਨੂੰ ਮੁਕੰਮਲ ਕਰਨ ਲਈ ਅਧਿਕਾਰੀਆਂ ਨੂੰ ਚੁਸਤ ਦਰੁਸਤ ਰਹਿਣ ਦੇ ਨਿਰਦੇਸ਼ ਦਿੱਤੇ ਹਨ।ਵਧੀਕ ਡਿਪਟੀ ਕਮਿਸ਼ਨਰ ਵਿਕਾਸ ਚੰਦਰ ਜਯੋਤੀ ਸਿੰਘ ਲਗਾਤਾਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਬੈਠਕਾਂ ਕਰ ਰਹੇ ਹਨ। ਮੇਲਾ ਅਫਸਰ ਜਸਪ੍ਰੀਤ ਸਿੰਘ ਵੱਲੋਂ ਲਗਾਤਾਰ ਮੇਲਾ ਖੇਤਰ ਦੀ ਮੋਨੀਟਰਿੰਗ ਕੀਤੀ ਜਾ ਰਹੀ ਹੈ। ਅਨਮਜੋਤ ਕੌਰ ਪੀ ਸੀ ਐਸ ਮੇਲਾ ਖੇਤਰ ਵਿੱਚ ਐਲ ਈ ਡੀ ਸਕਰੀਨ, ਹੈਲਪ ਡੈਸਕ, ਖੋਇਆ ਪਾਇਆ ਵਰਗੇ ਪ੍ਰਬੰਧਾਂ ਦੀ ਨਿਗਰਾਨੀ ਲਈ ਤਿਆਰੀਆਂ ਕਰ ਰਹੇ ਹਨ।ਹੋਲਾ ਮਹੱਲਾ ਤਿਉਹਾਰ ਕੀਰਤਪੁਰ ਸਾਹਿਬ ਵਿੱਚ 10 ਤੋ 12 ਮਾਰਚ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ 13 ਤੋਂ 15 ਮਾਰਚ ਤੱਕ ਮਨਾਇਆ ਜਾ ਰਿਹਾ ਹੈ। ਲੱਖਾਂ ਸੰਗਤਾਂ ਹੋਲਾ ਮਹੱਲਾ ਮੌਕੇ ਇੱਥੇ ਪੁੱਜਦੀਆਂ ਹਨ।ਗੁਰਧਾਮਾਂ ਦੇ ਦਰਸ਼ਨਾਂ ਤੋਂ ਇਲਾਵਾ ਉੱਤਰੀ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਜੀ ਤੇ ਗੁਰੂ ਕਾ ਲਾਹੌਰ ਹਿਮਾਚਲ ਪ੍ਰਦੇਸ਼ ਸਮੇਤ ਹੋਰ ਧਾਰਮਿਕ ਅਸਥਾਨਾਂ ਲਈ ਵੀ ਵੱਡੀ ਗਿਣਤੀ ਸੰਗਤਾਂ ਆਉਂਦੀਆਂ ਹਨ।ਸ਼ਰਧਾਲੂਆਂ ਦੇ ਠਹਿਰਨ, ਪੀਣ ਵਾਲਾ ਪਾਣੀ, ਸਫਾਈ, ਪਖਾਨੇ, ਟਰੈਫਿਕ ਮੈਨੇਜਮੈਂਟ, ਨਿਰਵਿਘਨ ਬਿਜਲੀ ਸਪਲਾਈ, ਸਿਹਤ ਸਹੂਲਤਾਂ, ਪਸ਼ੂ ਡਿਸਪੈਂਸਰੀਆਂ, ਖਾਣ ਪੀਣ ਦੀਆਂ ਵਸਤਾਂ ਦੀ ਮਿਆਰ, ਲੰਗਰਾਂ ਦੇ ਪ੍ਰਬੰਧ, ਪੈਟਰੋਲੀਅਮ ਵਸਤਾਂ ਤੇ ਰਸਦ ਦੀ ਉਪਲੱਬਧਤਾਂ ਵਰਗੇ ਬਹੁਤ ਸਾਰੇ ਕੰਮ ਵੱਖ-ਵੱਖ ਵਿਭਾਗਾਂ ਦੀ ਨਿਗਰਾਨੀ ਵਿੱਚ ਚੱਲ ਰਹੇ ਹਨ, ਜਿਸ ਦੇ ਲਈ ਲਗਾਤਾਰ ਬੈਠਕਾਂ ਦਾ ਦੌਰ ਜਾਰੀ ਹੈ।ਨਗਰ ਕੌਂਸਲ ਵੀ ਲਗਾਤਾਰ ਕੰਮ ਕਰ ਰਹੀ ਹੈ। ਇਸ ਦੇ ਲਈ ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ ਵੱਲੋਂ ਸਮੁੱਚੇ ਮੇਲਾ ਖੇਤਰ ਨੂੰ ਅੱਠ ਸੈਕਟਰਾਂ ਵਿਚ ਵੰਡਿਆ ਗਿਆ ਹੈ। ਵਾਹਨਾਂ ਲਈ ਢੁਕਵੀਆਂ ਥਾਵਾਂ 'ਤੇ ਪਾਰਕਿੰਗ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਕਾਰਜਕਾਰੀ ਇੰਜੰ. ਵਿਵੇਕ ਦੁਰੇਜਾ ਪਾਰਕਿੰਗ ਦੇ ਪ੍ਰਬੰਧਾਂ ਨੂੰ ਆਪਣੀ ਨਿਗਰਾਨੀ ਵਿਚ ਕਰਵਾ ਰਹੇ ਹਨ। ਐਸ ਡੀ ਐਮ ਰੂਪਨਗਰ ਸ੍ਰੀ ਸਚਿਨ ਪਾਠਕ ਹੋਲਾ ਮਹੱਲਾ ਦੀ ਵੈਬਸਾਈਟ ਉਤੇ ਮੇਲੇ ਸਬੰਧੀ ਹਰ ਢੁੱਕਵੀ ਜਾਣਕਾਰੀ ਉਪਲੱਬਧ ਕਰਵਾ ਰਹੇ ਹਨ।ਹਰਜੀਤਪਾਲ ਸਿੰਘ ਕਾਰਜਕਾਰੀ ਇੰਜ. ਜਲ ਸਪਲਾਈ ਵੱਲੋਂ ਮੇਲਾ ਖੇਤਰ ਵਿੱਚ ਸ਼ਰਧਾਲੂਆਂ ਦੀ ਸਹੂਲਤ ਲਈ ਪੀਣ ਵਾਲੇ ਪਾਣੀ ਦੇ ਵਾਧੂ ਵਾਟਰ ਟੈਪ ਲਗਾਏ ਜਾ ਰਹੇ ਹਨ, ਆਰਜੀ ਪਖਾਨੇ ਸਥਾਪਿਤ ਕਰਨ ਦੇ ਨਾਲ ਨਾਲ ਡਰੇਨਾਂ ਦੀ ਸਫਾਈ ਦਾ ਕੰਮ ਚੱਲ ਰਿਹਾ ਹੈ।ਪ੍ਰਸਾਸ਼ਨ ਵੱਲੋਂ ਇਸ ਵਾਰ ਸ਼ਰਧਾਲੂਆਂ ਦੀ ਸਹੂਲਤ ਲਈ ਮੇਲਾ ਖੇਤਰ ਵਿੱਚ ਵਿਆਪਕ ਤਿਆਰੀਆਂ ਚੱਲ ਰਹੀਆਂ ਹਨ।

ਮਹਾਂਸ਼ਿਵਰਾਤਰੀ ਉਤਸਵ 26 ਨੂੰ

ਕਾਲਾ ਸੰਘਿਆਂ (ਮਨਜੀਤ ਮਾਨ) ਮੰਦਰ ਸੁਧਾਰ ਸਭਾ ਢਿੱਲਵਾਂ ਵੱਲੋਂ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਹਾਂ ਸ਼ਿਵਰਾਤਰੀ ਉਤਸਵ ਕਸਬੇ ਦੇ ਤਿੰਨੇ ਮਦਿਰਾਂ ਵਿੱਚ ਬੜੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ ।ਪ੍ਰਧਾਨ ਕ੍ਰਿਸ਼ਨ ਲਾਲ ਸੁਖੀਜਾ ਅਤੇ ਖਜ਼ਾਨਚੀ ਵਿਸ਼ਾਲ ਅਰੋੜਾ ਨੇ ਦੱਸਿਆ ਕਿ 26 ਫਰਵਰੀ ਨੂੰ ਹਵਨ ਤਿੰਨੇ ਮੰਦਰਾਂ ਵਿੱਚ ਸਵੇਰੇ 7 ਤੋਂ 9 ਵਜੇ ਤੱਕ ਹੋਵੇਗਾ। ਉਪਰੰਤ ਕੀਰਤਨ ਬਾਹਰਲੇ ਮੰਦਿਰ ਸਵੇਰੇ 10 ਵਜੇ ਤੋਂ 1 ਵਜੇ ਤੱਕ, ਲੰਗਰ ਭੰਡਾਰਾ ਬਾਹਰਲੇ ਮਦਿਰ ਵਿਖੇ ਦੁਪਿਹਰ 1 ਤੋਂ 4 ਵਜੇ ਤੱਕ ਅਤੇ ਰਾਤ ਨੂੰ ਵਿੱਕੀ ਢੀਂਗਰਾ ਮਿਊਜੀਕਲ ਗਰੁੱਪ ਫਗਵਾੜਾ ਵੱਲੋਂ ਸ਼ਿਵ ਸ਼ੰਕਰ ਜੀ ਦਾ ਗੁਣਗਾਨ ਕੀਤਾ ਜਾਵੇਗਾ।

ਸਰਬੱਤ ਦੇ ਭਲੇ ਲਈ ਸੁਖਮਨੀ ਸਹਿਬ ਪਾਠ ਦੇ ਭੋਗ ਪਾਏ

ਫਿਲੌਰ, (ਨਿਰਮਲ) - ਸਮੂਹ ਥਾਣਾ ਫਿਲੌਰ ਸਟਾਫ ਵੱਲੋਂ ਸਰਬੱਤ ਦੇ ਭਲੇ ਅਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਸੁਖਮਨੀ ਸਹਿਬ ਦੇ ਪਾਠ ਦੇ ਭੋਗ ਪਾਏ ਗਏ ਅਤੇ ਸੰਗਤਾਂ ਲਈ ਚਾਹ ਪਕੌੜਿਆ ਦਾ ਲੰਗਰ ਲਗਾਇਆ। ਥਾਣਾ ਮੁੱਖੀ ਫਿਲੌਰ ਸੰਜੀਵ ਕਪੂਰ, ਸਬ ਇੰਸਪੈਕਟਰ ਸਹਿਬ ਮੀਤ ਸਿੰਘ ਚੌਕੀ ਇੰਚਾਰਜ ਅੱਪਰਾ, ਏ. ਐਸ.ਆਈ ਸੁੱਖਦੇਵ ਸਿੰਘ ਚੌਕੀ ਇੰਚਾਰਜ ਗੰਨਾ ਪਿੰਡ, ਏ.ਐਸ.ਆਈ ਪਰਮਜੀਤ ਸਿੰਘ, ਏ.ਐਸ.ਆਈ ਸੁਰਿੰਦਰ ਸਿੰਘ,ਏ.ਐਸ.ਆਈ ਜੈ ਗੋਪਾਲ , ਏ.ਐਸ.ਆਈ ਸੁਭਾਸ਼ ਚੰਦਰ , ਏ.ਐਸ.ਆਈ ਵਿਜੇ ਕੁਮਾਰ, ਏ.ਐਸ.ਆਈ ਜਸਵਿੰਦਰ ਸਿੰਘ ਤੋਂ ਇਲਾਵਾ ਸਮੂਹ ਥਾਣਾ ਫਿਲੌਰ ਮੁਲਾਜ਼ਮ ਮਜੂਦ ਸਨ।

ਵਟਸਐਪ ਕਾਲ ਰਾਹੀਂ ਧਮਕੀਆਂ ਦੇਣ ਵਾਲੇ ਨਾ-ਮਾਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਘੁੰਮਣ ਕਲਾਂ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮੇਜਰ ਸਿੰਘ ਪੁੱਤਰ ਗੁਰਦੀਪ ਸਿੰਘ ਵਾਸੀ ਭਾਈ ਕਾ ਪਿੰਡ ਨੇ ਦੱਸਿਆ ਕਿ ਉਹ ਗਿੱਲ ਪਾਵਰ ਜਨਰੇਸ਼ਨ ਕੰਪਨੀ ਪੁਲ ਕੁੰਜਰ ਵਿੱਚ ਸਾਲ 2013 ਤੋਂ ਬਤੌਰ ਮੈਨੇਜਰ ਤਾਇਨਾਤ ਹੈ। ਕੰਪਨੀ ਦੇ ਮਾਲਕ ਪ੍ਰੀਤਮ ਸਿੰਘ ਗਿੱਲ ਵਾਸੀ ਕੁੰਜਰ ਨੇ ਪੰਜਾਬ ਸਰਕਾਰ ਵਲੋਂ ਮਨਜ਼ੂਰਸ਼ੁਦਾ ਬਿਜਲੀ ਪਾਵਰ ਪਲਾਂਟ ਪੁਲ ਕੁੰਜਰ ਅਤੇ ਬੱਬੇਹਾਲੀ ਪੁਲ 'ਤੇ ਲਗਾਏ ਹੋਏ ਹਨ। ਬੱਬੇਹਾਲੀ ਪੁਲ ਪਾਵਰ ਪਲਾਂਟ 'ਤੇ ਜਸਵਿੰਦਰ ਸਿੰਘ ਵਾਸੀ ਮਾਲੋਗਿੱਲ ਨੂੰ ਮੈਨੇਜਰ ਰੱਖਿਆ ਹੋਇਆ ਸੀ, ਜਿਸ ਦਾ ਕੰਮ ਸਹੀ ਨਾ ਹੋਣ ਕਰਕੇ ਕੰਪਨੀ ਤੋਂ ਹਟਾ ਦਿੱਤਾ ਗਿਆ ਸੀ। ਉਸ ਤੋਂ ਬਾਅਦ 18 ਫਰਵਰੀ ਨੂੰ ਪੀੜਤ ਦੇ ਫੋਨ ਨੰਬਰ 'ਤੇ ਕਿਸੇ ਨਾ-ਮਾਲੂਮ ਵਿਅਕਤੀ ਦੀ ਵੱਟਸਐਪ ਕਾਲ ਆਈ, ਜਿਸ ਨੇ ਕੰਪਨੀ ਦੇ ਮਾਲਕ ਪਾਸੋਂ ਇੱਕ ਕਰੋੜ ਰੁਪਏ ਦੀ ਪੀੜਤ ਰਾਹੀਂ ਮੰਗ ਕੀਤੀ ਹੈ ਅਤੇ ਧਮਕੀਆਂ ਦਿੱਤੀਆ ਹਨ। ਥਾਣਾ ਘੁੰਮਣ ਕਲਾਂ ਪੁਲਸ ਨੇ ਪੀੜਤ ਦੇ ਬਿਆਨਾਂ 'ਤੇ ਨਾ-ਮਾਲੂਮ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

ਚੰਡੀਗੜ੍ਹ ਵਿਖੇ 5 ਨੂੰ ਲਾਏ ਜਾਣ ਵਾਲੇ ਪੱਕੇ ਧਰਨੇ 'ਚ ਸ਼ਮਲ ਹੋਣ ਦਾ ਸੱਦਾ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਗਰਮ ਕਿਸਾਨਾਂ ਦੀ ਦਾਣਾ ਮੰਡੀ ਨਵਾਂਸ਼ਹਿਰ 'ਚ ਮੀਟਿੰਗ ਹੋਈ ।ਮੀਟਿੰਗ ਨੂੰ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ , ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ ਅਤੇ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੈਂਸ ਨੇ ਸੰਬੋਧਨ ਕੀਤਾ। ਤਰਸੇਮ ਸਿੰਘ ਬੈਂਸ ਨੇ ਦੱਸਿਆ ਕਿ ਨਵੇਂ ਖੇਤੀ ਮੰਡੀ ਖਰੜੇ ਨੂੰ ਰੱਦ ਕਰਵਾਉਣ , ਆਲੂ , ਗੋਭੀ , ਮਟਰ , ਮੂੰਗੀ , ਬਾਸਮਤੀ, ਮੱਕੀ ਅਤੇ ਹੋਰ ਫ਼ਸਲਾਂ ਤੇ ਐਮ ਐਸ ਪੀ ਦੀ ਮੰਗ , ਸਹਿਕਾਰੀ ਬੈਂਕਾ ਦਾ ਕਰਜ਼ਾ ਯਕਮੁਸ਼ਤ ਸੈਟਲਮੈਂਟ ਰਾਹੀਂ ਹੱਲ ਕਰਨ , ਸਹਿਕਾਰੀ ਅਦਾਰਿਆਂ ਤੋਂ ਸਰਕਾਰ ਦੀ ਦਖਲਅੰਦਾਜ਼ੀ ਬੰਦ ਕਰਨ ਅਤੇ ਮੋਦੀ ਸਰਕਾਰ -2 ਵੱਲੋਂ ਮੰਨੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਮੀਟਿੰਗ 'ਚ ਭਰਵਾਂ ਵਿਚਾਰ ਵਟਾਂਦਰਾ ਹੋਇਆ ।ਆਗੂਆਂ ਨੇ ਕਿਹਾ ਕਿ 5 ਮਾਰਚ ਨੂੰ ਚੰਡੀਗੜ੍ਹ 'ਚ ਪੱਕਾ ਧਰਨਾ ਲਾਇਆ ਜਾਵੇਗਾ,ਜਿਸ ਦੀ ਤਿਆਰੀ ਲਈ ਪਿੰਡਾਂ ਵਿੱਚ ਕਿਸਾਨਾਂ ਅਤੇ ਕਾਸ਼ਤਕਾਰਾਂ ਦੀਆਂ ਮੀਟਿੰਗਾਂ ਅਤੇ ਰੈਲੀਆਂ ਕੀਤੀਆਂ ਜਾਣਗੀਆਂ ।ਹੋਰ ਅੱਗੇ ਉਹਨਾਂ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ 5 ਮਾਰਚ ਨੂੰ ਕਿਰਤੀ ਕਿਸਾਨ ਯੂਨੀਅਨ ਦੀ ਅਗਵਾਈ ਵਿੱਚ ਨਵਾਂਸ਼ਹਿਰ ਤੋਂ 100 ਦੇ ਕਰੀਬ ਟਰੈਕਟਰ ਟਰਾਲੀਆਂ ਦਾ ਕਾਫ਼ਲਾ ਚੰਡੀਗੜ੍ਹ ਪੱਕੇ ਧਰਨੇ 'ਚ ਸ਼ਾਮਲ ਹੋਵੇਗਾ। ਇਸ ਮੌਕੇ ਸੁਰਜੀਤ ਕੌਰ ਉਟਾਲ ਜ਼ਿਲ੍ਹਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਇਸਤਰੀ ਵਿੰਗ, ਪ੍ਰਮਜੀਤ ਸਿੰਘ ਸ਼ਹਾਬਪੁਰ, ਜੀਵਨ ਬੇਗੋਵਾਲ, ਕਰਨੈਲ ਸਿੰਘ ਉੜਾਪੜ, ਮੇਜਰ ਸਿੰਘ, ਰਾਮਜੀ ਦਾਸ ਸਨਾਵਾ, ਅਵਤਾਰ ਸਿੰਘ ਉੜਾਪੜ, ਗੁਰਦੇਵ ਸਿੰਘ ਚੌਹੜ, ਅਵਤਾਰ ਕੱਟ, ਜਗਤਾਰ ਸਿੰਘ ਜਾਡਲਾ, ਬਹਾਦਰ ਸਿੰਘ ਧਰਮਕੋਟ, ਮੋਹਣ ਸਿੰਘ ਲੰਗੜੋਆ, ਨਿਰਮਲ ਸਿੰਘ ਮੱਲਪੁਰ ਅੜਕਾਂ, ਅਮਨਦੀਪ ਸਿੰਘ, ਸੰਦੀਪ ਸਿੰਘ, ਮੱਖਣ ਸਿੰਘ ਭਾਨਮਜਾਰਾ ਅਤੇ ਹੋਰ ਹਾਜ਼ਰ ਸਨ ।

ਸਫਾਈ ਸੇਵਕ ਤਨਖਾਹਾਂ ਨਾ ਮਿਲਣ ਕਾਰਨ ਫਿਰ ਧਰਨਾ ਲਾਉਣ ਦੀ ਤਿਆਰੀ 'ਚ

ਰਾਹੋਂ (ਕੁਲਵਿੰਦਰ ਸਿੰਘ ਰਾਹੋਂ) ਪੰਜਾਬ ਦੀ ਸਭ ਤੋਂ ਪੁਰਾਣੀ ਨਗਰ ਕੌਂਸਲ ਜੋ ਕਿ 1919 ਵਿੱਚ ਹੋਂਦ 'ਚ ਆਈ। ਇਸ ਸਮੇਂ ਵਿਤੀ ਸੰਕਟ ਕਾਰਨ ਮੁਲਾਜਮਾਂ ਦੀਆ ਤਨਖਾਹਾਂ ਦੇਣ ਯੋਗ ਵੀ ਨਹੀਂ ਹੈ । ਪਿਛਲੇ ਤਿੰਨ ਸਾਲਾਂ ਤੋਂ ਨਗਰ ਕੌਂਸਲ ਰਾਹੋਂ ਦਾ ਬਜਟ ਅਜੇਹਾ ਹਿਲਿਆ ਕਿ ਹਰੇਕ ਤਿੰਨ ਤੋਂ ਚਾਰ ਮਹੀਨੇ ਬਾਅਦ ਇਥੋਂ ਦੇ ਕੱਚੇ ਮੁਲਾਜਮਾਂ, ਸਫਾਈ ਸੇਵਕਾਂ ਅਤੇ ਪੱਕੇ ਮੁਲਾਜਮਾਂ ਨੂੰ ਦਰੀਆਂ ਵਿਛਾ ਕੇ ਧਰਨਾ ਲਗਾਉਂਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਅਕਸਰ ਇਹਨਾਂ ਮੁਲਾਜਮਾਂ ਨੂੰ ਧਰਨਾ ਲਾਉਣ ਦੀ ਖੱਜਲ ਖੁਆਰੀ ਤੋਂ ਬਾਅਦ ਫਿਰ ਤਨਖਾਹ ਦੇ ਵੀ ਦਿੱਤੀ ਜਾਂਦੀ ਹੈ। ਚੁਣੇ ਹੋਏ 13 ਕੌਂਸਲਰਾਂ ਨੇ ਕਦੇ ਵੀ ਆਪਣੀ ਤਾਲ ਮੇਲ ਨਹੀਂ ਦਿਖਇਆ ਅਤੇ ਨਾ ਹੀ ਕੌਂਸਲ ਦੀ ਆਮਦਨ ਵਧਾਉਣ ਲਈ ਕਦੇ ਚਰਚਾ ਕੀਤੀ । ਪਿਛਲੀ ਬਾਰ ਸਫਾਈ ਸੇਵਕਾਂ ਨੇ ਤਨਖਾਹ ਨਾ ਮਿਲਣ ਕਾਰਨ 21 ਨੰਵਬਰ 2024 ਨੂੰ ਨਗਰ ਕੌਂਸਲ ਪ੍ਰਧਾਨ ਦੇ ਦਫਤਰ ਅੱਗੇ ਕੂੜਾ ਸੁੱਟ ਕੇ ਧਰਨਾ ਦਿੱਤਾ ਸੀ ਉਪਰੰਤ ਉਹਨਾਂ ਨੂੰ ਤਨਖਾਹਾਂ ਦਿੱਤੀਆਂ ਗਈਆਂ ।ਠੀਕ ਤਿੰਨ ਮਹੀਨੇ ਬਾਅਦ ਅੱਜ ਫਿਰ ਉਹੀ ਹਾਲਾਤ ਬਣੇ ਹੋਏ ਹਨ। ਇਸ ਸਬੰਧੀ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਧੀਮਾਨ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਇਹ ਮੇਰੇ ਧਿਆਨ ਵਿੱਚ ਨਹੀਂ ਹੈ। ਤਨਖਾਹਾਂ ਨਾ ਮਿਲਣ ਕਾਰਨ ਸਫਾਈ ਸੇਵਕ ਤੇ ਦੂਸਰੇ ਮੁਲਾਜਮ ਆਪਣੇ ਰੋਜਾਨਾ ਦੇ ਖਰਚੇ ਕਰਨ ਤੋਂ ਵੀ ਅਸਮਰੱਥ ਹਨ ਤੇ ਦੁਬਾਰਾ ਧਰਨਾ ਲਾਉਣ ਲਈ ਮਜ਼ਬੂਰ ਹਨ।

ਸੂਬੇ 'ਚ 90 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਨਿਵੇਸ਼ : ਤਰੁਨਪ੍ਰੀਤ ਸਿੰਘ ਸੌਂਦ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)— ਪੰਜਾਬ ਦੇ ਸਨਅਤ ਅਤੇ ਵਣਜ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਇੱਥੇ ਆਖਿਆ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਨੇ ਸੂਬੇ ਨੂੰ ਨਿਵੇਸ਼ਕਾਂ ਦੀ ਪਹਿਲੀ ਪਸੰਦ ਬਣਾ ਦਿੱਤਾ ਹੈ। ਸੂਬੇ 'ਚ 90 ਹਜ਼ਾਰ ਕਰੋੜ ਰੁਪਏ ਤੋਂ ਵਧਰੇ ਦੇ ਨਿਵੇਸ਼ਕ ਪ੍ਰਸਤਾਵ ਪ੍ਰਾਪਤ ਹੋਏ ਹਨ।ਇੱਥੇ ਇੱਕ ਨਿੱਜੀ ਟੀਵੀ ਚੈਨਲ ਵੱਲੋਂ ਕਰਵਾਏ ਸਮਾਗਮ 'ਚ ਸੌਂਦ ਨੇ ਦੱਸਿਆ ਕਿ ਇਹ ਸਰਕਾਰ ਦੀ ਨਿ

24-FEB-PAGE-10.qxd 2/23/2025 9:10 PM Page 1

ਸਿਵਲ ਹਸਪਤਾਲ ਦੇ ਮੁਲਾਜ਼ਮਾਂ ਨੂੰ ਕੀਤਾ ਸਨਮਾਨਤ

ਸਮਰਾਲਾ (ਸੁਰਜੀਤ ਸਿੰਘ)-ਸਥਾਨਕ ਸਿਵਲ ਹਸਪਤਾਲ ਦੇ ਨਵ-ਜੀਵਨ ਕੇਂਦਰ ਦੇ ਮੁਲਾਜ਼ਮਾਂ ਤੇ ਸਿਵਲ ਹਸਪਤਾਲ ਦੀਆਂ ਆਸ਼ਾ ਵਰਕਰਾਂ ਨੂੰ ਬੇਬੇ ਨਾਨਕੀ ਟਰੱਸਟ ਈਸਾਪੁਰ ਦੇ ਮੁਖੀ ਬਾਬਾ ਬੂਟਾ ਸਿੰਘ ਤੇ ਮਾਛੀਵਾੜਾ ਸਾਹਿਬ ਸੋਸ਼ਲ ਵੈੱਲਫੇਅਰ ਸੋਸਾਇਟੀ ਐੱਨਜੀਓ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਤੇ ਉਨ੍ਹਾਂ ਦੀ ਟੀਮ ਵੱਲੋਂ ਸਨਮਾਨਤ ਕੀਤਾ ਗਿਆ।ਐੱਨ.ਜੀ.ਓ. ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਐੱਸ.ਐੱਮ.ਓ. ਡਾਕਟਰ ਤਾਰਕਜੋਤ ਸਿੰਘ ਤੇ ਹਸਪਤਾਲ ਦੇ ਸਟਾਫ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਐੱਸ.ਐੱਮ.ਓ. ਡਾਕਟਰ ਤਾਰਕਜੋਤ ਸਿੰਘ ਦੀ ਯੋਗ ਅਗਵਾਈ ਹੇਠ ਸਬ-ਡਵੀਜ਼ਨ ਹਸਪਤਾਲ ਨੂੰ ਪੂਰੇ ਪੰਜਾਬ ਦੇ ਕਾਇਆਕਲਪ ਰਾਊਂਡ ਵਿੱਚ ਪਿਛਲੇ ਸਾਲ ਪਹਿਲਾ ਸਥਾਨ ਤੇ ਇਸ ਵਾਰ ਦੂਜਾ ਸਥਾਨ ਪ੍ਰਾਪਤ ਹੋਇਆ ਹੈ, ਜੋ ਕਿ ਇਲਾਕੇ ਲਈ ਬਹੁਤ ਮਾਣ ਵਾਲੀ ਗੱਲ ਹੈ।ਸਾਡੀ ਐੱਨਜੀਓ ਹਮੇਸ਼ਾ ਹੀ ਚੰਗੇ ਕੰਮ ਕਰਨ ਵਾਲਿਆਂ ਨੂੰ ਸਨਮਾਨਤ ਕਰਦੀ ਰਹੀ ਹੈ ਤੇ ਕਰਦੀ ਰਹੇਗੀ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਤਾਰਕਜੋਤ ਸਿੰਘ ਨੇ ਐਨਜੀਓ ਦਾ ਧੰਨਵਾਦ ਕੀਤਾ ਅਤੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਾਇਆਕਲਪ ਰਾਊਂਡ ਵਿੱਚ ਸਿਵਿਲ ਹਸਪਤਾਲ ਸਮਰਾਲਾ ਦੇ ਪੰਜਾਬ ਵਿੱਚੋਂ ਦੂਜੇ ਸਥਾਨ 'ਤੇ ਆਉਣਾ ਹਸਪਤਾਲ ਦੇ ਸਟਾਫ ਤੇ ਇਲਾਕੇ ਦੇ ਲੋਕਾਂ ਲਈ ਬਹੁਤ ਮਾਣ ਵਾਲੀ ਗੱਲ ਹੈ ਅਤੇ ਇਹ ਸਭ ਦੇ ਸਾਂਝੇ ਸਹਿਯੋਗ ਸਦਕਾ ਹੀ ਸੰਭਵ ਹੋਇਆ ਹੈ।ਇਸ ਮੌਕੇ ਡਾਕਟਰ ਹਿਤੇਸ਼, ਡਾਕਟਰ ਨਵਨੀਤ ਕੌਰ (ਮਨੋਰੋਗ ਮਾਹਿਰ), ਮਨਦੀਪ ਕੌਰ ਐੱਲ.ਐੱਚ.ਵੀ., ਬਲਦੀਸ਼ ਕੌਰ ਮ.ਪ.ਹ.ਵ. (ਫੀਮੇਲ), ਰਵੀ ਕੌਸ਼ਲ (ਕੌਂਸਲਰ), ਮਨਦੀਪ ਕੌਰ ਐੱਲ.ਐੱਚ.ਵੀ. ਹਰਚਰਨਜੀਤ ਸਿੰਘ ਐੱਨ.ਜੀ.ਓ ਮੈਂਬਰ, ਸਤੀਸ਼ ਕੁਮਾਰ ਡੀਸੀ (ਸਮਰਾਲਾ ਐਂਬੂਲੈਂਸ ਸਰਵਿਸ), ਰਸ਼ਪਿੰਦਰ ਕੌਰ, ਗੁਰਕੀਰਤ ਸਿੰਘ, ਗੁਰਦੀਪ ਸਿੰਘ, ਰਕੇਸ਼ ਕੁਮਾਰ ਤੇ ਸਿਵਲ ਹਸਪਤਾਲ ਸਮਰਾਲਾ ਦਾ ਸਮੂਹ ਸਟਾਫ ਹਾਜ਼ਰ ਸੀ।

ਕੂੜੇ ਦੇ ਡੰਪਾਂ ਕਾਰਨ ਸ਼ਹਿਰ ਵਾਸੀ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ-ਹਰਪਾਲ ਸੋਨੂੰ



ਸੰਗਰੂਰ (ਪ੍ਰਵੀਨ ਸਿੰਘ)-ਓ.ਬੀ.ਸੀ. ਡਿਪਾਰਟਮੈਂਟ ਕਾਂਗਰਸ ਪਾਰਟੀ ਦੇ ਸੂਬਾ ਵਾਈਸ ਚੇਅਰਮੈਨ ਤੇ ਮੁੱਖ ਬੁਲਾਰਾ ਜ਼ਿਲ੍ਹਾ ਕਾਂਗਰਸ ਕਮੇਟੀ ਸੰਗਰੂਰ ਹਰਪਾਲ ਸਿੰਘ ਸੋਨੂੰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼ਹਿਰ ਦੀਆਂ ਸਥਾਨਕ ਸਮੱਸਿਆਵਾਂ ਸਬੰਧੀ ਖੁਲਾਸਾ ਕੀਤਾ। ਇਸ ਮੌਕੇ ਬੋਲਦਿਆਂ ਸ੍ਰੀ ਸੋਨੂੰ ਨੇ ਕਿਹਾ ਕਿ ਸ਼ਹਿਰ ਵਿੱਚ ਪਿਛਲੇ ਲੰਬੇ ਸਮੇਂ ਤੋਂ ਕੂੜੇ ਦੇ ਡੰਪ ਦਾ ਸਥਾਈ ਹੱਲ ਨਹੀਂ ਕੀਤਾ ਗਿਆ, ਜਦੋਂਕਿ ਸਰਕਾਰ ਨੂੰ ਬਣੇ ਨੂੰ ਤਿੰਨ ਸਾਲ ਦਾ ਸਮਾਂ ਬੀਤ ਚੁੱਕਾ ਹੈ, ਜਿਸ ਕਾਰਨ ਸਥਾਨਕ ਸ਼ਹਿਰ ਵਾਸੀਆਂ ਨੂੰ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਦੂਜੇ ਪਾਸੇ ਸਰਕਾਰ ਤੇ ਸਥਾਨਕ ਐੱਮ.ਐੱਲ.ਏ. ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਤੋਂ ਕਿਨਾਰਾ ਕਰਕੇ ਸਿਰਫ਼ ਫ਼ੋਕੀ ਇਸ਼ਤਿਹਾਰ ਬਾਜ਼ੀ ਕਰਕੇ ਹੀ ਸੂਬੇ ਦੇ ਖ਼ਜ਼ਾਨੇ ਨੂੰ ਖੋਰਾ ਲਗਾ ਰਹੇ ਹਨ। ਸ੍ਰੀ ਸੋਨੂੰ ਨੇ ਸਰਕਾਰ ਤੇ ਪ੍ਰਸ਼ਾਸਨ ਨੂੰ ਘੇਰਦਿਆਂ ਕਿਹਾ ਕਿ ਸ਼ਹਿਰ ਦੇ ਪ੍ਰਮੁੱਖ ਬਨਾਸਰ ਬਾਗ ਦੇ ਗੇਟ ਨੰ: 2 ਅੱਗੇ ਕੂੜੇ ਦੇ ਢੇਰ ਲੱਗੇ ਪਏ ਹਨ, ਜਿਸ ਕਾਰਨ ਸਵੇਰੇ ਸ਼ਾਮ ਇਥੇ ਸੈਰ ਕਰਨ ਵਾਲੇ ਬਜ਼ੁਰਗਾਂ, ਬੱਚਿਆਂ ਤੇ ਨੌਜਵਾਨਾਂ ਨੂੰ ਮਜਬੂਰਨ ਗੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਚਿਤਾਵਨੀ ਭਰੇ ਲਹਿਜ਼ੇ ਵਿੱਚ ਕਿਹਾ ਕਿ ਜੇਕਰ ਸ਼ਹਿਰ ਵਾਸੀਆਂ ਦੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਨਹੀਂ ਕੀਤਾ ਗਿਆ ਤਾਂ ਉਹ ਆਪਣੀ ਟੀਮ ਨਾਲ ਮਿਲ ਕੇ ਪੰਜਾਬ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਕਰਨਗੇ, ਕਿਉਂਕਿ ਸ਼ਹਿਰ ਵਾਸੀਆਂ ਦੀਆਂ ਬਹੁਤ ਜਿਹੀਆਂ ਸਮੱਸਿਆਵਾਂ ਉਨ੍ਹਾਂ ਤੱਕ ਪਹੁੰਚ ਰਹੀਆਂ ਹਨ, ਜਿਸ ਤੋਂ ਸਾਫ਼ ਹੋ ਜਾਂਦਾ ਹੈ ਕਿ ਸੂਬਾ ਸਰਕਾਰ ਖੁਦ ਸੀ.ਐੱਮ. ਸਿਟੀ ਦੇ ਕੰਮਾਂ ਨੂੰ ਹੀ ਅੱਖੋਂ ਪਰੋਖੇ ਕਰਕੇ ਸੱਤਾ ਦਾ ਸੁੱਖ ਭੋਗ ਰਹੀ ਹੈ ਤੇ ਲੋਕਾਂ ਨਾਲ ਕੀਤੇ ਵਾਅਦੇ ਪੂਰੀ ਤਰ੍ਹਾਂ ਭੁੱਲ ਚੁੱਕੀ ਹੈ।

ਜਗਰੀਤ ਕੌਰ ਨੇ ਅੰਤਰ-ਕਾਲਜ ਪਾਵਰ ਲਿਫਟਿੰਗ ਮੁਕਾਬਲਿਆਂ 'ਚ ਗੋਲਡ ਮੈਡਲ ਜਿੱਤਿਆ

ਮਲੇਰਕੋਟਲਾ (ਅਸਗਰ ਪਰਿਹਾਰ)-ਸਥਾਨਕ ਹਰਫ ਕਾਲਜ ਦੀ ਬੀ ਏ ਭਾਗ-ਪਹਿਲਾ ਦੀ ਵਿਦਿਆਰਥਣ ਜਗਰੀਤ ਕੌਰ ਸ਼ੇਰਗੜ੍ਹ ਚੀਮਾ ਨੇ ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਵਿਖੇ ਕਰਵਾਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅੰਤਰ-ਕਾਲਜ ਪਾਵਰ ਲਿਫਟਿੰਗ ਮਹਿਲਾ ਮੁਕਾਬਲਿਆਂ 'ਚ ਆਪਣੇ ਭਾਰ ਵਾਲੇ ਵਰਗ 'ਚ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਮਗਾ ਹਾਸਲ ਕੀਤਾ।ਉਕਤ ਮੁਕਾਬਲੇ 'ਚ ਪੰਜਾਬੀ ਯੂਨੀਵਰਸਿਟੀ ਦੇ ਕਈ ਕਾਲਜਾਂ ਦੇ ਵਿਦਿਆਰਥੀ ਖਿਡਾਰੀਆਂ ਨੇ ਭਾਗ ਲਿਆ।ਹਰਫ ਕਾਲਜ ਦੀ ਵਿਦਿਆਰਥਣ ਜਗਰੀਤ ਕੌਰ ਨੇ ਪਾਵਰ ਲਿਫਟਿੰਗ (ਮਹਿਲਾ) ਮੁਕਾਬਲਿਆਂ ਵਿੱਚ ਪਹਿਲਾਂ ਵੀ ਕਈ ਉੱਚ ਪ੍ਰਾਪਤੀਆਂ ਜਿਵੇਂ ਕਿ 'ਖੇਡਾਂ ਵਤਨ ਪੰਜਾਬ ਦੀਆਂ-2024' 'ਚ ਪਾਵਰ ਲਿਫਟਿੰਗ ਵਿੱਚ ਗੋਲਡ ਮੈਡਲ, ਨਾਰਥ ਇੰਡੀਅਨ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚ ਗੋਲਡ ਮੈਡਲ, ਪੰਜਾਬ ਸਟਰਾਂਗ ਵੂਮਨ, ਅਹਿਮਦਗੜ੍ਹ ਵਿਖੇ ਗੋਲਡ ਮੈਡਲ ਹਾਸਲ ਕੀਤਾ।ਹਰਫ ਕਾਲਜ ਦੇ ਚੇਅਰਮੈਨ ਅਮਜਦ ਅਲੀ ਨੇ ਵਿਦਿਆਰਥਣ ਦੀ ਇਸ ਪ੍ਰਾਪਤੀ ਲਈ ਸ਼ਲਾਘਾ ਕੀਤੀ ਤੇ 'ਹਰਫ ਕਾਲਜ ਸਪੋਰਟਸ ਸਟਾਰ' ਦਾ ਖਿਤਾਬ ਦੇ ਕੇ ਨਿਵਾਜਿਆ ਅਤੇ ਗਿਆਰਾਂ ਹਜ਼ਾਰ ਰੁਪਏ ਨਗਦ ਸਪੋਰਟਸ ਸਕਾਲਰਸ਼ਿਪ ਰਾਸ਼ੀ ਵੀ ਦਿੱਤੀ।ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਨੇ ਵਿਦਿਆਰਥਣ ਨੂੰ ਵਧਾਈ ਦਿੱਤੀ ਤੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ 'ਚ ਇਸ ਕਾਲਜ ਦੀ ਵਿਦਿਆਰਥਣ ਜਗਰੀਤ ਕੌਰ ਤੋਂ ਇਲਾਵਾ ਨਵਲੀਨ ਸੋਹਲ ਪੁੱਤਰੀ ਸੇਵਕ ਰਾਮ/ਰਵਨੀਤ ਕੌਰ (ਮਾਲੇਰਕੋਟਲਾ) ਬੀ ਏ ਭਾਗ-ਪਹਿਲਾ ਦੀ ਵਿਦਿਆਰਥਣ ਨੇ ਵੀ ਪਾਵਰ-ਲਿਫਟਿੰਗ (ਮਹਿਲਾ) ਮੁਕਾਬਲਿਆਂ ਵਿੱਚ ਭਾਗ ਲਿਆ ਤੇ ਆਪਣੇ ਭਾਰ ਵਾਲੇ ਵਰਗ 'ਚ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ।

ਜੈਨ ਅਚਾਰਿਆ ਸ਼ਾਂਤੀ ਦੂਤ ਸ੍ਰੀ ਨਿਤਿਆਨੰਦ ਨੂੰ ਭਾਰਤ ਰਤਨ ਦੇਣ ਦੀ ਮੰਗ

ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)-ਜੈਨ ਅਚਾਰਿਆ ਸ਼ਾਂਤੀ ਦੂਤ ਸ੍ਰੀ ਨਿਤਿਆਨੰਦ ਸੁਰੀਸ਼ਵਰ ਜੀ ਮਹਾਰਾਜ ਨੂੰ ਭਾਰਤ ਰਤਨ ਦੀ ਉਪਾਧੀ ਦੇਣ ਦੀ ਮੰਗ ਕੀਤੀ ਗਈ ਹੈ। ਇਹ ਮੰਗ ਮਹਾਂਵੀਰ ਜੈਨ ਸੰਘ ਦੇ ਪ੍ਰਧਾਨ ਰਮੇਸ਼ ਜੈਨ ਨੇ ਕਰਦਿਆਂ ਕਿਹਾ ਕਿ ਭਾਵੇਂ ਕੇਂਦਰ ਸਰਕਾਰ ਨੇ ਅਚਾਰਿਆ ਸ੍ਰੀ ਨਿਤਿਆਨੰਦ ਸੁਰੀਸ਼ਵਰ ਜੀ ਮਹਾਰਾਜ ਨੂੰ ਪਦਮਸ੍ਰੀ ਸਨਮਾਨ ਨਾਲ ਨਿਵਾਜਿਆ ਹੈ, ਜਿਸ ਲਈ ਉਹ ਰਾਸ਼ਟਰਪਤੀ ਸ੍ਰੀਮਤੀ ਦਰੋਪਤੀ ਮੁਰਮੂ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਕਲ ਜੈਨ ਸਮਾਜ ਵੱਲੋਂ ਧੰਨਵਾਦ ਕਰਦੇ ਹਾਂ, ਪਰ ਨਾਲ ਹੀ ਉਨ੍ਹਾਂ ਕੋਲੋਂ ਇਹ ਮੰਗ ਵੀ ਕਰਦੇ ਹਾਂ ਕਿ ਸ਼ਾਂਤੀ ਦੂਤ ਅਚਾਰਿਆ ਸ੍ਰੀ ਨਿਤਿਆਨੰਦ ਜੀ ਨੂੰ ਭਾਰਤ ਰਤਨ ਦੇਣ ਦੀ ਘੋਸ਼ਣਾ ਵੀ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਅਚਾਰਿਆ ਜੀ ਅੱਜਕੱਲ੍ਹ ਮਹਾਰਾਸ਼ਟਰ ਵਿੱਚ ਵਿਚਰ ਰਹੇ ਹਨ ਤੇ ਉੱਥੋਂ ਦੇ ਗਵਰਨਰ ਸੀ ਪੀ ਰਾਧਾ ਕ੍ਰਿਸ਼ਨਨ ਵੱਲੋਂ 20 ਫਰਵਰੀ ਨੂੰ ਰਾਜ ਭਵਨ ਵਿਖੇ ਬੁਲਾ ਕੇ ਜਿੱਥੇ ਪਦਮਸ਼੍ਰੀ ਮਿਲਣ 'ਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ, ਉਥੇ ਹੀ ਗਵਰਨਰ ਨੇ ਉਨ੍ਹਾਂ ਨੂੰ ਰਾਜ ਦੇ ਗਣਮਾਨਯ ਅਤਿਥੀ ਦਾ ਦਰਜਾ ਵੀ ਪ੍ਰਧਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਗੁਰੂਦੇਵ ਸ਼੍ਰੀ ਧਰਮਸ਼ੀਲ ਵਿਜੇ ਜੀ ਮਹਾਰਾਜ ਮੋਕਸ਼ਾਨੰਦ ਜੀ ਮਹਾਰਾਜ ਗਿਆਨਾ ਨੰਦ ਜੀ ਮਹਾਰਾਜ ਤੋਂ ਇਲਾਵਾ ਮਹਾਰਾਸ਼ਟਰ ਦੇ ਕੈਬਨਟ ਮੰਤਰੀ ਮੰਗਲ ਪ੍ਰਭਾਤ ਲੋਢਾ ਤੇ ਹੋਰ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

ਤੰਬਾਕੂ ਐਕਟ ਦੀ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨਾ

ਮਾਨਸਾ (ਆਤਮਾ ਸਿੰਘ ਪਮਾਰ)-ਡਿਪਟੀ ਕਮਿਸ਼ਨਰ ਮਾਨਸਾ-ਕਮ-ਚੇਅਰਮੈਨ ਕੋਟਪਾ ਐਕਟ ਸ੍ਰੀ ਕੁਲਵੰਤ ਸਿੰਘ ਦੀਆਂ ਹਦਾਇਤਾਂ ਤੇ ਵਾਇਸ ਚੇਅਰਮੈਨ-ਕਮ-ਸਿਵਲ ਸਰਜਨ ਡਾ. ਅਰਵਿੰਦਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਦਰਸ਼ਨ ਸਿੰਘ ਜ਼ਿਲ੍ਹਾ ਨੋਡਲ ਅਫਸਰ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀ ਟੀਮ ਵੱਲੋਂ ਤੰਬਾਕੂ ਕੰਟਰੋਲ ਐਕਟ ਦੀ ਉਲੰਘਣਾ ਕਰਨ ਵਾਲੀਆਂ ਦੁਕਾਨਾਂ, ਖੋਖਿਆਂ ਤੇ ਜਨਤਕ ਥਾਵਾਂ 'ਤੇ ਤੰਬਾਕੂ ਨੋਸ਼ੀ ਕਰਨ ਵਾਲੇ 14 ਵਿਅਕਤੀਆਂ ਤੇ ਦੁਕਾਨਾਂ ਨੂੰ ਨਗਦ ਜੁਰਮਾਨਾ ਕੀਤਾ ਗਿਆ।ਇਸ ਮੌਕੇ ਲੋਕਾਂ ਨੂੰ ਤੰਬਾਕੂ ਸੇਵਨ ਨਾਲ ਸਰੀਰ ਦੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਨੋਡਲ ਅਫ਼ਸਰ ਦਰਸ਼ਨ ਸਿੰਘ ਨੇ ਦੱਸਿਆ ਕਿ ਟੀਮ ਵੱਲੋਂ ਸ਼ਹਿਰੀ ਖੇਤਰ ਦੇ ਜਨਤਕ ਸਥਾਨਾਂ ਵਿੱਚ ਜਾ ਕੇ ਖਾਣ-ਪੀਣ ਦੀਆਂ ਵਸਤਾਂ ਦੇ ਨਾਲ-ਨਾਲ ਤੰਬਾਕੂ ਪਦਾਰਥਾਂ ਦੀ ਵਿਕਰੀ ਕਰ ਰਹੀਆਂ ਦੁਕਾਨਾਂ, ਖੋਖਿਆਂ ਤੇ ਜਨਤਕ ਥਾਵਾਂ ਦੀ ਚੈਕਿੰਗ ਕੀਤੀ ਅਤੇ ਮਨਾਹੀ ਦੇ ਬਾਵਜੂਦ ਦੁਕਾਨਦਾਰਾਂ ਵੱਲੋਂ ਖੁੱਲ੍ਹੀਆਂ ਸਿਗਰਟਾਂ ਦੀ ਵਿਕਰੀ ਕਰਨ, ਦੁਕਾਨਾਂ 'ਤੇ 18 ਸਾਲ ਤੋਂ ਘੱਟ ਉਮਰ ਦੇ ਬਾਲਗਾਂ ਨੂੰ ਤੰਬਾਕੂ ਨਾ ਵੇਚਣ ਵਾਲੇ ਸਾਈਨ ਬੋਰਡ ਲੱਗੇ ਹੋਣ 'ਤੇ ਜੁਰਮਾਨਾ ਕੀਤਾ ਗਿਆ।ਜ਼ਿਲ੍ਹਾ ਨੋਡਲ ਅਫ਼ਸਰ ਨੇ ਕਿਹਾ ਕਿ ਆਉਂਦੇ ਸਮੇਂ ਵਿੱਚ ਵੀ ਖਾਣ-ਪੀਣ ਦੀਆਂ ਵਸਤਾਂ ਦੇ ਨਾਲ-ਨਾਲ ਤੰਬਾਕੂ ਉਤਪਾਦਾਂ ਦੀ ਵਿਕਰੀ ਕਰ ਰਹੀਆਂ ਦੁਕਾਨਾਂ, ਖੋਖਿਆਂ, ਢਾਬੇ, ਹੋਟਲ, ਰੈਸਟੋਰੈਂਟ ਆਦਿ ਦੀ ਤੰਬਾਕੂ ਐਕਟ ਤਹਿਤ ਚੈਕਿੰਗ ਜਾਰੀ ਰਹੇਗੀ ਤੇ ਕਿਤੇ ਵੀ ਐਕਟ ਉਲੰਘਣਾ ਹੋਣ 'ਤੇ ਜੁਰਮਾਨਾ ਕੀਤਾ ਜਾਵੇਗਾ।ਚੈਕਿੰਗ ਟੀਮ ਵਿੱਚ ਅਸ਼ਵਨੀ ਕੁਮਾਰ ਸੀਨੀਅਰ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ, ਜਗਦੀਸ਼ ਸਿੰਘ, ਨਿਰਮਲ ਸਿੰਘ ਰੱਲਾ ਤੇ ਗੁਰਿੰਦਰ ਸ਼ਰਮਾ ਸ਼ਾਮਲ ਸਨ।

ਮਾਤਾ ਗੁਜਰੀ ਕਾਲਜ ਦੀ ਸਾਲਾਨਾ ਕਨਵੋਕੇਸ਼ਨ

■ ਵਿਦਿਆਰਥੀ ਅਣਥੱਕ ਮਿਹਨਤ ਤੇ ਧਾਰਮਿਕ ਨੈਤਿਕਤਾ ਨਾਲ ਆਪਣੇ ਟੀਚੇ ਲਈ ਯਤਨਸ਼ੀਲ ਰਹਿਣ : ਇੰਜੀ. ਸੁਖਮਿੰਦਰ ਸਿੰਘ ■ 1147 ਵਿਦਿਆਰਥੀਆਂ ਨੇ ਡਿਗਰੀਆਂ ਤੇ 30 ਨੇ ਹਾਸਲ ਕੀਤੇ ਗੋਲਡ ਮੈਡਲ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਮਾਤਾ ਗੁਜਰੀ ਕਾਲਜ ਵਿਖੇ ਕਾਲਜ ਗਵਰਨਿੰਗ ਬਾਡੀ ਦੇ ਸਕੱਤਰ ਸ੍ਰ. ਜਗਦੀਪ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਕਾਲਜ ਦੀ ਸਾਲਾਨਾ ਕਨਵੋਕੇਸ਼ਨ ਕਰਵਾਈ ਗਈ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਸਕੱਤਰ ਵਿੱਦਿਆ ਇੰਜੀਨੀਅਰ ਸ੍ਰ. ਸੁਖਮਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਕਨਵੋਕੇਸ਼ਨ ਦੌਰਾਨ 2021-2022 ਵਿੱਚ ਪੋਸਟ ਗਰੈਜੂਏਟ ਤੇ ਅੰਡਰ ਗਰੈਜੂਏਟ ਕੋਰਸ ਪਾਸ ਕਰਨ ਵਾਲੇ ਕੁੱਲ 1147 ਵਿਦਿਆਰਥੀਆਂ ਤੇ 30 ਹੋਣਹਾਰ ਵਿਦਿਆਰਥੀਆਂ ਨੂੰ ਗੋਲਡ ਮੈਡਲ ਪ੍ਰਦਾਨ ਕਰਕੇ ਸਨਮਾਨਤ ਕੀਤਾ ਗਿਆ।

ਮੁੱਖ ਮਹਿਮਾਨ ਇੰਜੀਨੀਅਰ ਸ੍ਰ. ਸੁਖਮਿੰਦਰ ਸਿੰਘ ਨੇ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਫ਼ਤਹਿਗੜ੍ਹ ਸਾਹਿਬ ਦੀ ਮਹਾਨ ਧਰਤੀ 'ਤੇ ਮਾਤਾ ਗੁਜਰੀ ਜੀ ਦੇ ਨਾਂ 'ਤੇ ਬਣੇ ਇਸ ਕਾਲਜ ਤੋਂ ਸਿੱਖਿਆ ਹਾਸਲ ਕਰਨਾ ਵਿਦਿਆਰਥੀਆਂ ਲਈ ਬੜੇ ਮਾਣ ਵਾਲੀ ਗੱਲ ਹੈ।ਉਨ੍ਹਾ ਵਿਦਿਆਰਥੀਆਂ ਨੂੰ ਅਥਾਹ ਮਿਹਨਤ, ਲਗਨ ਤੇ ਸਬਰ ਸੰਤੋਖ ਨਾਲ ਆਪਣੇ ਉਦੇਸ਼ ਪ੍ਰਾਪਤੀ ਲਈ ਨਿਰੰਤਰ ਯਤਨਸ਼ੀਲ ਤੇ ਕਰਮਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਚੰਗੇ ਨਾਗਰਿਕ ਬਣ ਕੇ ਆਪਣੇ ਦੇਸ਼, ਕੌਮ ਤੇ ਸਮਾਜ ਦੇ ਵਿਕਾਸ ਵਿੱਚ ਬਣਦਾ ਯੋਗਦਾਨ ਪਾਉਣ ਲਈ ਉਤਸ਼ਾਹਤ ਕੀਤਾ।ਉਨ੍ਹਾ ਆਪਣੇ ਸੰਬੋਧਨ ਦੌਰਾਨ ਜਿੱਥੇ ਸਮੂਹ ਅਧਿਆਪਕਾਂ ਨੂੰ ਆਪਣੀ ਜ਼ਿੰਮੇਵਾਰੀ ਸਰਵੋਤਮਤਾ ਨਾਲ ਨਿਭਾਉਣ ਤੇ ਵਿਦਿਆਰਥੀਆਂ ਨੂੰ ਧਾਰਮਿਕ ਨੈਤਿਕਤਾ ਅਪਣਾਉਣ ਤੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

ਇਸ ਤੋਂ ਪਹਿਲਾਂ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਸਮਾਗਮ ਵਿੱਚ ਪਹੁੰਚੇ ਮਹਿਮਾਨਾਂ ਦਾ ਭਰਵਾਂ ਸਵਾਗਤ ਕਰਦਿਆਂ ਕਾਲਜ ਦੀਆਂ ਅਕਾਦਮਿਕ, ਧਾਰਮਿਕ, ਸੱਭਿਆਚਾਰਕ ਤੇ ਖੇਡਾਂ ਦੇ ਖੇਤਰ ਵਿੱਚ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਕੀਤੀਆ

24-Feb-PAGE-11-Majha-25.qxd 2/23/2025 10:33 PM Page 1

ਭਲਕੇ ਦੀ ਜਲੰਧਰ ਮਹਾਂ ਰੈਲੀ 'ਚ ਗੁਰਦਾਸਪੁਰ-ਪਠਾਨਕੋਟ ਜ਼ਿਲ੍ਹੇ ਤੋਂ ਲੋਕਾਂ ਦੀ ਵੱਡੀ ਸ਼ਮੂਲੀਅਤ ਹੋਵੇਗੀ

ਪਠਾਨਕੋਟ (ਦਵਿੰਦਰ ਸਿੰਘ)- ਖੱਬੀਆਂ ਧਿਰਾਂ ਤੇ ਜਮਹੂਰੀਅਤ ਪਸੰਦ ਅਗਾਂਹਵਧੂ ਸੋਚ ਦੇ ਧਾਰਨੀ ਲੋਕਾਂ ਦਾ ਵੱਡਾ ਏਕਾ ਹੀ ਫਿਰਕੂ ਤੇ ਫਾਸ਼ੀਵਾਦੀ ਤਾਕਤਾਂ ਨੂੰ ਆਰਥਿਕ ਤੇ ਵਿਚਾਰਧਾਰਕ ਜਵਾਬ ਦੇਣ ਦੇ ਸਮਰੱਥ ਹੋ ਸਕਦਾ ਹੈ। ਵਿਧਾਨ ਪਾਲਿਕਾ, ਨਿਆਂ ਪਾਲਿਕਾ, ਕਾਰਜ ਪਾਲਿਕਾ ਅਤੇ ਚੌਥੇ ਥੰਮ੍ਹ ਵਜੋਂ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ ਜਿਸ 'ਤੇ ਦੇਸ਼ ਵਾਸੀਆਂ ਦਾ ਭਰੋਸਾ ਸੀ ਕਿ ਇਹ ਚਾਰੋਂ ਸੰਸਥਾਵਾਂ ਭਾਰਤੀ ਸੰਵਿਧਾਨ ਸਾਰਥਕ ਨੂੰ ਰੂਪ ਵਿੱਚ ਲਾਗੂ ਕਰਾਉਣ, ਜਮਹੂਰੀਅਤ ਦੀ ਰਾਖੀ ਲਈ ਅਤੇ ਸੰਵਿਧਾਨ ਤਹਿਤ ਹਰੇਕ ਨਾਗਰਿਕ ਨੂੰ ਇਨਸਾਫ ਮਿਲੇ ਦੀ ਅਵਾਜ਼ ਬਣ ਕੇ ਆਪਣਾ ਬਣਦਾ ਫਰਜ਼ ਨਿਭਾਉਣ ਜਾਂ ਯੋਗਦਾਨ ਪਾਉਣਗੀਆਂ। ਮੌਕਾਪ੍ਰਸਤ ਤੇ ਲਾਲਚੀ ਰਾਜਸੀ ਲੋਕਾਂ ਨੇ ਰਾਜਨੀਤੀ ਨੂੰ ਬਦਨਾਮ ਕਰ ਛੱਡਿਆ ਹੈ।ਪਰ ਪਿਛਲੇ ਕੁਝ ਸਾਲਾਂ ਤੋਂ ਲੋਕਾਂ ਦੀ ਉਮੀਦ ਦੇ ਬਿਲਕੁਲ ਉਲਟ ਸੰਵਿਧਾਨ ਨੂੰ ਖੋਰਾ ਲਾਉਣ ਤੇ ਉਸ ਦੀ ਥਾਂ ਗੈਰ ਬਰਾਬਰੀ ਵਾਲੇ ਦਸਤਾਵੇਜ਼ ਮਨੂੰ ਸਮਰਿਤੀ ਨੂੰ ਸੰਵਿਧਾਨਕ ਰੂਪ ਲਾਗੂ ਕਰਨ ਲਈ ਆਰ ਐੱਸ ਐੱਸ ਅਤੇ ਭਾਜਪਾ ਹਰ ਸੰਭਵ ਕੋਸ਼ਿਸ਼ ਵਿਚ ਲੱਗੀਆਂ ਹੋਈਆਂ ਹਨ। ਨੈਸ਼ਨਲ ਮੀਡੀਆ ਲੋਕਾਂ ਦੀ ਅਵਾਜ਼ ਬਣਨ ਤੋਂ ਲਗਭਗ ਇਨਕਾਰੀ ਹੋ ਗਿਆ ਹੈ। ਨਿਆਂ ਪਾਲਿਕਾ ਦੇ ਤਰਕਹੀਨ ਫੈਸਲਿਆਂ ਅਤੇ ਵੱਖ ਵੱਖ ਕੋਰਟਾਂ ਦੇ ਕੁਝ ਜੱਜਾਂ ਵਲੋਂ ਮਾਣ-ਮਰਿਆਦਾ ਵਾਲੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਫਿਰਕੂ ਰਾਜਨੀਤੀ ਦਾ ਹਿੱਸਾ ਬਣ ਕੇ ਲੋਕਾਂ ਦੇ ਭਰੋਸਾ ਨੂੰ ਠੇਸ ਪਹੁੰਚਾਉਣ ਦਾ ਕੰਮ ਕੀਤਾ ਹੈ। ਅਗਾਂਹਵਧੂ ਸੋਚ ਦੇ ਧਾਰਨੀ ਲੋਕਾਂ ਨੂੰ ਸੰਵਿਧਾਨ ਨੂੰ ਬਚਾਉਣ, ਅਮਰੀਕਾ ਦੀ ਅਗਵਾਈ ਹੇਠ ਸਾਮਰਾਜੀ ਦੇਸ਼ਾਂ ਵਲੋਂ ਕਾਰਪੋਰੇਟ ਘਰਾਣਿਆਂ ਪੱਖੀ ਬਣਾਈਆਂ ਆਰਥਿਕ ਨੀਤੀਆਂ ਨੂੰ ਮੋਦੀ ਸਰਕਾਰ ਅੰਨ੍ਹੇਵਾਹ ਲਾਗੂ ਕਰਕੇ ਭਾਰਤ ਨੂੰ ਵੱਡੇ ਆਰਥਿਕ ਸੰਕਟ ਵੱਲ ਧੱਕ ਰਹੀ ਰਹੀ ਹੈ, ਆਰ ਐੱਸ ਐੱਸ ਦੀ ਬੀ ਟੀਮ ਕੇਜਰੀਵਾਲ ਪੰਜਾਬ ਦੀ ਭਗਵੰਤ ਮਾਨ ਸਰਕਾਰ ਰਾਹੀਂ ਸੰਘ ਅਤੇ ਭਾਜਪਾ ਦਾ ਹਰੇਕ ਫੈਸਲਾ ਲਾਗੂ ਕਰਨ ਵਿਚ ਪੂਰੀ ਤਰ੍ਹਾਂ ਸਹਿਮਤ ਹੈ।

ਆਰ ਐਮ ਪੀ ਆਈ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ, ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਅਤੇ ਵਿੱਤ ਸਕੱਤਰ ਮਾਸਟਰ ਸੁਭਾਸ਼ ਸ਼ਰਮਾ ਨੇ ਜਾਰੀ ਲਿਖਤੀ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਦੇਸ਼ ਤੇ ਪੰਜਾਬ ਦੀ ਮਜੰਦਾ ਆਰਥਿਕ, ਸਮਾਜਿਕ, ਵਿਚਾਰਧਾਰਕ ਅਤੇ ਰਾਜਨੀਤਕ ਅਵਸਥਾ ਨੂੰ ਦੇਖਦੇ ਹੋਏ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਵੱਲੋਂ 'ਸੰਵਿਧਾਨ ਬਚਾਓ, ਦੇਸ਼ ਬਚਾਓ, ਪੰਜਾਬ ਬਚਾਓ' ਤਹਿਤ 25 ਫਰਵਰੀ ਨੂੰ ਪੁੱਡਾ ਗਰਾਊਂਡ ਸਾਹਮਣੇ ਡੀ ਸੀ ਦਫਤਰ ਜਲੰਧਰ ਵਿਖੇ ਮਹਾਂ ਰੈਲੀ ਵਿੱਚ ਗੁਰਦਾਸਪੁਰ ਤੇ ਪਠਾਨਕੋਟ ਜਿਲ੍ਹੇ ਤੋਂ ਦੋ ਹਜ਼ਾਰ ਲੋਕਾਂ ਦੀ ਸ਼ਮੂਲੀਅਤ ਕਰਾਉਣ ਹੇਠਾਂ ਤਹਿਸੀਲ ਤੇ ਬਲਾਕ ਪੱਧਰੀ ਤਿਆਰੀ ਮੁਕੰਮਲ ਕਰ ਲਈ ਹੈ। 25 ਫਰਵਰੀ ਦੀ ਇਤਿਹਾਸਕ ਰੈਲੀ ਪੰਜਾਬ ਦੀ ਰਾਜਨੀਤੀ ਵਿੱਚ ਅਹਿਮ ਰੋਲ ਅਦਾ ਕਰੇਗੀ।

ਸਿੱਖ ਨੈਸ਼ਨਲ ਕਾਲਜ 'ਚ ਕੌਮਾਂਤਰੀ ਮਾਂ ਬੋਲੀ ਦਿਵਸ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਪੰਜਾਬੀ ਸਾਹਿਤ ਸਭਾ ਅਤੇ ਭਾਸ਼ਾ ਮੰਚ ਵੱਲੋਂ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਕੌਮਾਂਤਰੀ ਮਾਂ- ਬੋਲੀ ਦਿਵਸ ਮਨਾਇਆ ਗਿਆ। ਇਸ ਮੌਕੇ ਕਾਲਜ ਵਿਦਿਆਰਥੀਆਂ ਦੇ ਕਵਿਤਾ ਉਚਾਰਨ ਭਾਸ਼ਣ ਲੇਖ ਰਚਨਾ ਪ੍ਰਸ਼ਨੋਤਰੀ ਮੁਕਾਬਲਾ ਕਰਵਾਇਆ ਗਿਆ। ਸਮਾਗਮ ਦੌਰਾਨ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਦੇ ਪੁੱਜਣ 'ਤੇ ਸਮੂਹ ਵਿਦਿਆਰਥੀਆਂ ਅਤੇ ਸਾਹਿਤ ਸਭਾ ਤੇ ਭਾਸ਼ਾ ਮੰਚ ਦੇ ਅਹੁਦੇਦਾਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸੋਬੋਧਨ ਹੁੰਦਿਆਂ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਕਿਹਾ ਕਿ ਕੌਮਾਂਤਰੀ ਮਾਂ ਬੋਲੀ ਦਿਵਸ ਭਾਸ਼ਾ ਨੂੰ ਸਮਰਪਿਤ ਕਰਕੇ ਸਾਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ ਤੇ ਮਾਂ ਬੋਲੀ ਪੰਜਾਬੀ ਭਾਸ਼ਾ ਵੀ ਵਿਸ਼ਵ ਦੀਆਂ ਬਾਕੀ ਭਾਸ਼ਾਵਾਂ ਵਾਂਗ ਇਸ ਭਾਸ਼ਾ ਵਿੱਚ ਸ਼ਾਮਲ ਹੈ। ਉਹਨਾਂ ਭਾਸ਼ਾ ਦੇ ਵਿਕਾਸ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣ ਲਈ ਵਿਦਿਆਰਥੀ ਵਰਗ ਨੂੰ ਅਪੀਲ ਕੀਤੀ ਅਤੇ ਮਾਂ ਬੋਲੀ ਪੰਜਾਬੀ ਲਈ ਹਮੇਸ਼ਾ ਕਾਰਜ ਕਰਨ ਦੀ ਪ੍ਰੇਰਨਾ ਦਿੱਤੀ। ਉਹਨਾਂ ਭਾਸ਼ਾ ਨਾਲ ਜੁੜੀਆਂ ਵੱਖ ਵੱਖ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਪੰਜਾਬੀ ਭਾਸ਼ਾ ਦੇ ਇਸ ਦਿਨ ਨਿਯਮਾਂ, ਸ਼ਬਦ ਜੋੜਾਂ ਸਬੰਧੀ ਰਚਨਾਤਮਕ ਕਾਰਜ ਕੀਤੇ ਜਾਣ ਦੀ ਲੋੜ ਹੈ ਤੇ ਕੰਪਿਊਟਰ ਯੁਗ ਵਿੱਚ ਇਸ ਨੂੰ ਵਿਸ਼ਵ ਦੀਆਂ ਬਾਕੀ ਭਾਸ਼ਾਵਾਂ ਨਾਲ ਤਾਲਮੇਲ ਬਣਾਉਣ ਲਈ ਹਰ ਪੰਜਾਬੀ ਨੂੰ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਆਯੋਜਿਤ ਕੀਤੇ ਗਏ। ਵਿਚਾਰ ਚਰਚਾ ਵਿੱਚ ਪੰਜਾਬੀ ਵਿਭਾਗ ਦੇ ਵੱਖ ਵੱਖ

ਅਧਿਆਪਕਾਂ ਨੇ ਵੀ ਹਿੱਸਾ ਲਿਆ। ਕੌਮਾਂਤਰੀ ਮਾਂ ਬੋਲੀ ਦਿਹਾੜੇ ਦੇ ਇਤਿਹਾਸਕ ਪਹਿਲੂਆਂ ਬਾਰੇ ਚਾਨਣਾ ਪਾਇਆ ਗਿਆ। ਮੰਚ ਦਾ ਸੰਚਾਰਨ ਕਰਦਿਆਂ ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ ਡਾ. ਸਤਿੰਦਰ ਕੌਰ ਨੇ ਕੌਮਾਂਤਰੀ ਮਾਂ-ਬੋਲੀ ਦਿਵਸ 'ਤੇ ਸਾਰਿਆਂ ਨੂੰ ਮੁਬਾਰਕਬਾਦ ਪੇਸ਼ ਕੀਤੀ। ਲੇਖ ਰਚਨਾ ਮੁਕਾਬਲੇ ਵਿੱਚੋਂ ਐਮ ਏ ਵਿਦਿਆਰਥਣ ਪਵਨਦੀਪ ਕੌਰ ਨੇ ਪਹਿਲਾ, ਕੋਮਲਪ੍ਰੀਤ ਕੌਰ ਬੀ ਏ ਸਮੈਸਟਰ ਛੇਵਾਂ ਨੇ ਦੂਸਰਾ, ਮਨਪ੍ਰੀਤ ਕੌਰ ਬੀ ਏ ਸਮੈਸਟਰ ਛੇਵਾਂ ਨੇ ਤੀਜਾ ਸਥਾਨ ਹਾਸਲ ਕੀਤਾ। ਕਵਿਤਾ ਮੁਕਾਬਲੇ ਵਿੱਚ ਰਵਨੀਤ ਸਿੰਘ ਸਮੈਸਟਰ ਚੌਥਾ ਨੇ ਪਹਿਲਾ, ਗੀਤਾਂਜਲੀ ਬੀ ਸੀ ਏ ਨੇ ਦੂਜਾ, ਗੁਰਵਿੰਦਰ ਕੌਰ ਬੀ ਸ ੇਏ ਦੂਜਾ ਸਮੈਸਟਰ ਨੇ ਤੀਜਾ ਸਥਾਨ ਜਦ ਕਿ ਪ੍ਰਸ਼ਨ ਉਤਰੀ ਮੁਕਾਬਲੇ ਵਿੱਚ ਸਾਇੰਸ ਵਿਭਾਗ ਦੀਆਂ ਵਿਦਿਆਰਥਣਾਂ ਮਨਜੋਤ ਕੌਰ ਪ੍ਰਾਂਚਲ ਅਤੇ ਫਰੀਹਾ ਦੀ ਟੀਮ ਨੇ ਪਹਿਲਾ ਸਥਾਨ, ਕੰਪਿਊਟਰ ਵਿਭਾਗ ਦੀ ਟੀਮ ਜਿਸ ਵਿੱਚ ਰਾਜਨ ਪਾਲ ਸਿੰਘ, ਪ੍ਰਭਜੋਤ ਕੌਰ ਤੇ ਸਰਬਜੋਤ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਆਰਟਸ ਵਿਭਾਗ ਦੀ ਟੀਮ ਵਿੱਚ ਜਸਪ੍ਰੀਤ ਕੌਰ, ਪਵਨਦੀਪ ਕੌਰ ਤੇ ਪ੍ਰਭਜੋਤ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਭਾਸ਼ਣ ਮੁਕਾਬਲੇ ਵਿੱਚ ਕੋਮਲਪ੍ਰੀਤ ਕੌਰ ਬੀ ਸੀ ਏ ਦੂਜਾ ਸਮੈਸਟਰ ਨੇ ਪਹਿਲਾ ਸਥਾਨ ਅਤੇ ਰੁਪਿੰਦਰ ਕੌਰ ਅਤੇ ਗੁਰਵਿੰਦਰ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਗੀਤ ਮੁਕਾਬਲੇ ਵਿੱਚ ਸਰਬਜੋਤ ਸਿੰਘ ਤੇ ਪ੍ਰਭਜੋਤ ਕੌਰ ਨੇ ਅੱਵਲ ਸਥਾਨ ਹਾਸਲ ਕੀਤੇ। ਜੇਤੂ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਸ਼ਨ ਉੱਤਰੀ ਮੁਕਾਬਲੇ ਦਾ ਸੰਚਾਲਣ ਭਾਸ਼ਾਵਾਂ ਦੇ ਸਰਪਲਸ ਪ੍ਰੋਫੈਸਰ ਹਰਜਿੰਦਰ ਸਿੰਘ ਨੇ ਕੀਤਾ ਜਦ ਕਿ ਪ੍ਰਸ਼ਨ ਉਤਰੀ ਮੁਕਾਬਲੇ ਲਈ ਪ੍ਰੋਫੈਸਰ ਰਾਜਵੀਰ ਕੌਰ ਤੇ ਪ੍ਰੋਫੈਸਰ ਜਸਕਿਰਨ ਕੌਰ ਨੇ ਆਪਣਾ ਯੋਗਦਾਨ ਪਾਇਆ। ਸਾਰੇ ਜੇਤੂਆਂ ਨੂੰ ਪ੍ਰਿੰਸੀਪਲ ਹਰਪ੍ਰੀਤ ਸਿੰਘ ਹੁੰਦਲ ਸਮੇਤ ਸਮੂਹ ਸਟਾਫ ਮੈਂਬਰਾਂ ਵੱਲੋਂ ਮੁਬਾਰਕਬਾਦ ਭੇਟ ਕੀਤੀ ਗਈ।

ਆਂਗਣਵਾੜੀ ਸੈਂਟਰ 'ਚ ਅੰਤਰਰਾਸ਼ਟਰੀ ਪੰਜਾਬੀ ਮਾਂ-ਬੋਲੀ ਦਿਵਸ ਮਨਾਇਆ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ) - ਆਂਗਣਵਾੜੀ ਸੈਂਟਰ ਨੰਬਰ 122 ਵਿਚ ਅੰਤਰਰਾਸ਼ਟਰੀ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ ਗਿਆ ਜਿਸ ਵਿਚ ਆਂਗਣਵਾੜੀ ਦੇ ਬੱਚਿਆਂ ਨੇ ਭਾਗ ਲਿਆ। ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ ਨੇ ਕਿਹਾ ਕਿ ਅਸੀ ਆਪਣੀ ਮਾਂ ਬੋਲੀ ਨੂੰ ਭੁੱਲਦੇ ਜਾ ਰਹੇ ਹਾਂ ਅਤੇ ਆਪਣੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਦੇ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ ਵਿਚ ਵੀ ਪੰਜਾਬੀ ਭਾਸ਼ਾ ਖਤਮ ਹੁੰਦੀ ਜਾ ਰਹੀ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਮੌਕੇ ਪੰਜਾਬੀ ਭਾਸ਼ਾ ਸੰਬੰਧੀ ਸਲੋਗਨ ਵੀ ਬਣਾਏ ਗਏ। ਇਸ ਸਮੇ ਹੈੱਡ ਕਾਂਸਟੇਬਲ ਪੂਜਾ ਰਾਣੀ, ਹੈਲਪਰ ਗੁਰਪ੍ਰੀਤ ਕੌਰ ਹਾਜ਼ਰ ਸਨ।

ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਐੱਸ ਐੱਚ ਓ ਨਿਰਮਲ ਸਿੰਘ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ ਤੇ ਇਲਾਕੇ ਵਿੱਚ ਨਸ਼ਾ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੁਲਸ ਥਾਣਾ ਕਾਦੀਆਂ ਦੇ ਐਸ ਐਚ ਓ ਨਿਰਮਲ ਸਿੰਘ ਵੱਲੋਂ ਕੀਤਾ ਗਿਆ । ਗੱਲਬਾਤ ਦੌਰਾਨ ਉਹਨਾ ਦੱਸਿਆ ਕਿ ਪੁਲਸ ਜ਼ਿਲ੍ਹਾ ਬਟਾਲਾ ਦੇ ਮੁਖੀ ਐੱਸ. ਐੱਸ. ਪੀ. ਸੁਹੇਲ ਕਾਸਿਮ ਮੀਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲਗਾਤਾਰ ਵੱਖ-ਵੱਖ ਥਾਵਾਂ 'ਤੇ ਨਾਕੇਬੰਦੀ ਕਰਕੇ ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਨਸ਼ਾ ਵੇਚਣ ਵਾਲਿਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਖਿਲਾਫ ਮੁਕੱਦਮੇ ਦਰਜ ਕਰਕੇ ਉਹਨਾਂ ਸਮਾਜ ਵਿਰੋਧੀ ਅਨਸਰਾਂ ਨੂੰ ਜੇਲ੍ਹਾਂ ਵਿੱਚ ਭੇਜਿਆ ਜਾ ਰਿਹਾ । ਉਹਨਾਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਨੂੰ ਨੱਥ ਪਾਉਣ ਅਤੇ ਇਲਾਕੇ ਨੂੰ ਨਸ਼ਾ ਮੁਕਤ ਕਰਨ ਲਈ ਐੱਸ ਐੱਸ ਪੀ ਬਟਾਲਾ ਵੱਲੋਂ ਵਿੱਢੀ ਗਈ ਮੁਹਿੰਮ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇਗੀ। ਉਨ੍ਹਾਂ ਨੇ ਇਲਾਕੇ 'ਚ ਨਸ਼ਾ ਵੇਚਣ ਵਾਲੇ ਅਨਸਰਾਂ ਨੂੰ ਸਖਤ ਤਾੜਨਾ ਕਰਦੇ ਹੋਏ ਕਿਹਾ ਕਿ ਉਹ ਆਪਣੀਆਂ ਹਰਕਤਾਂ ਤੋਂ ਤੁਰੰਤ ਬਾਜ ਆ ਜਾਣ ਨਹੀਂ ਤਾਂ ਉਨ੍ਹਾਂ ਵਿਰੁੱਧ ਸਖਤ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਡਰਾਈਵਿੰਗ ਕਰਦੇ ਹੋਏ ਟ੍ਰੈਫਿਕ ਨਿਯਮਾਂ ਦੀ ਕਿਸੇ ਤਰ੍ਹਾਂ ਦੀ ਵੀ ਉਲੰਘਣਾ ਨਾ ਕਰਨ।

ਇਸ ਤੋਂ ਇਲਾਵਾ ਉਨ੍ਹਾਂ ਨੇ ਦੁਕਾਨਦਾਰਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣਾ ਸਮਾਨ ਦੁਕਾਨਾਂ ਤੋਂ ਬਾਹਰ ਵਧਾ ਕੇ ਨਾ ਲਾਉਣ ਅਤੇ ਨਾ ਹੀ ਰੇਹੜੀਆਂ ਫੜ੍ਹੀਆਂ ਨੂੰ ਆਪਣੀਆਂ ਦੁਕਾਨਾਂ ਅੱਗੇ ਲੱਗਣ ਦੇਣ ਕਿਉਂਕਿ ਇਸ ਤਰ੍ਹਾਂ ਟ੍ਰੈਫਿਕ ਵਿੱਚ ਵਿਘਨ ਪੈਂਦਾ ਹੈ ਅਤੇ ਰਾਹਗੀਰਾਂ ਨੂੰ ਵੀ ਮੁਸ਼ਕਲ ਪੇਸ਼ ਆਉਂਦੀ ਹੈ। ਉਨ੍ਹਾਂ ਨੇ ਇਲਾਕਾ ਨਿਵਾਸੀਆਂ ਨੂੰ ਵੀ ਕਿਹਾ ਕਿ ਕਿਸੇ ਵੀ ਸਮਾਜ ਵਿਰੋਧੀ ਅਨਸਰ ਜਾਂ ਨਸ਼ਾ ਵੇਚਣ ਵਾਲੇ ਦਾ ਪਤਾ ਲਗਦਾ ਹੈ ਤਾਂ ਤੁਰੰਤ ਪੁਲਸ ਨਾਲ ਸੰਪਰਕ ਕਰਨ। ਦੱਸਣ ਵਾਲੇ ਦਾ ਨਾਂਅ ਪਤਾ ਗੁਪਤ ਰੱਖਿਆ ਜਾਵੇਗਾ।

ਅਖੀਰ ਵਿੱਚ ਐਸ ਐਚ ਓ ਨਿਰਮਲ ਸਿੰਘ ਨੇ ਕਿਹਾ ਕਿ ਹਰ ਕੀਮਤ 'ਤੇ ਇਲਾਕੇ ਵਿਚ ਅਮਨ-ਸ਼ਾਂਤੀ ਤੇ ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਕਾਦੀਆਂ ਪੁਲਸ ਵਚਨਬੱਧ ਹੈ। ਅਸੀਂ ਲੋਕਾਂ ਨੂੰ ਆਪਣੀ ਚੌਕਸੀ ਅਤੇ ਮੌਜੂਦਗੀ ਦਾ ਭਰੋਸਾ ਦਿਵਾਉਣ ਲਈ 24 ਘੰਟੇ ਗਸ਼ਤ ਕਰ ਰਹੇ ਹਾਂ। ਲੋਕ ਵੀ ਪੁਲਸ ਦਾ ਵੱਧ ਤੋਂ ਵੱਧ ਸਹਿਯੋਗ ਕਰਨ।

ਧਾਰਮਿਕ ਮੁਕਾਬਲਿਆਂ 'ਚ ਆਈ ਟੀ ਕਾਲਜ ਦੀਆਂ ਵਿਦਿਆਰਥਣਾਂ ਦੀ ਝੰਡੀ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਰਵਾਏ ਗਏ ਗੁਰਮਤਿ ਗਿਆਨ ਮੁਕਾਬਲਿਆਂ 'ਚ ਆਈ ਟੀ ਕਾਲਜ ਅਲਗੋਂ ਕੋਠੀ ਦੀਆਂ ਵਿਦਿਆਰਥਣਾਂ ਨੇ ਮੋਹਰੀ ਸਥਾਨ ਪ੍ਰਾਪਤ ਕੀਤੇ ਹਨ। ਜੇਤੂ ਵਿਦਿਆਰਥਣਾਂ ਨੂੰ ਸੰਤ ਬਾਬਾ ਅਵਤਾਰ ਸਿੰਘ ਸਿੰਘ ਘੜਿਆਲੇ ਵਾਲਿਆਂ, ਗੁਰਮਤਿ ਗਿਆਨ ਪ੍ਰਚਾਰਕ ਭਾਈ ਗੁਰਲਾਲ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਗਿਆਨੀ ਗੁਰਬਚਨ ਸਿੰਘ ਕਲਸੀਆਂ ਕਲਾਂ ਵੱਲੋਂ 2100 ਰੁਪਏ ਦੇ ਕੇ ਸਨਮਾਨਤ ਕੀਤਾ ਗਿਆ। ਵਿਦਿਆਰਥਣਾਂ ਦੀ ਪ੍ਰਾਪਤੀ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਲਜ ਚੇਅਰਮੈਨ ਇੰਦਰਜੀਤ ਸਿੰਘ ਤੇ ਪ੍ਰਿੰਸੀਪਲ ਰਣਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਵਿਦਿਆਰਥਣਾਂ ਨੂੰ ਹਰ ਖੇਤਰ ਵਿੱਚ ਅੱਗੇ ਵਧਣ ਲਈ ਪਲੇਟਫਾਰਮ ਪ੍ਰਦਾਨ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਧਾਰਮਿਕ ਮੁਕਾਬਲਿਆਂ ਵਿੱਚ ਮੋਹਰੀ ਸਥਾਨਾਂ 'ਤੇ ਕਬਜ਼ਾ ਕਰਕੇ ਵਿਦਿਆਰਥਣਾਂ ਨੇ ਆਪਣੇ ਕਾਲਜ, ਅਧਿਆਪਕਾਂ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਚੇਅਰਮੈਨ ਇੰਦਰਜੀਤ ਸਿੰਘ ਨੇ ਵਿਦਿਆਰਥਣਾਂ ਨੂੰ ਮਿਹਨਤ ਕਰਕੇ ਉੱਚੇ ਮੁਕਾਮ ਹਾਸਲ ਕਰਨ ਦਾ ਸੁਨੇਹਾ ਦਿੱਤਾ। ਇਸ ਮੌਕੇ ਕਾਲਜ ਦਾ ਸਮੁੱਚਾ ਸਟਾਫ ਹਾਜ਼ਰ ਸੀ।

ਪ੍ਰਸਿੱਧ ਗ਼

24-Feb-PAGE-12.qxd 2/23/2025 10:33 PM Page 1

ਜਨਮ ਦਿਨ ਮੁਬਾਰਕ

ਕਸ਼ਵੀ

ਵਰ੍ਹੇਗੰਢ ਮੁਬਾਰਕ

ਗੁਰਮਿੰਦਰ ਸਿੰਘ ਤੇ ਪਰਮਿੰਦਰ ਕੌਰ ਯੂ ਐੱਸ ਏ ਨੇ ਆਪਣੇ ਵਿਆਹ ਦੀ 45ਵੀਂ ਵਰ੍ਹੇਗੰਢ ਮਨਾਈ।

ਜ਼ਿਲ੍ਹੇ ਦੀਆਂ ਮੰਡੀਆਂ ਨੂੰ ਮਾਡਲ ਬਣਾਇਆ ਜਾਵੇਗਾ : ਡਾ. ਰਾਜ ਕੁਮਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)

ਜ਼ਿਲ੍ਹੇ ਦੀਆਂ ਮੰਡੀਆਂ ਨੂੰ ਮਾਡਲ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ,ਜਿਸ ਦੇ ਪਹਿਲੇ ਪੜਾਅ ਵਿੱਚ ਮੰਡੀਆਂ ਵਿੱਚ ਪੀਣ ਵਾਲੇ ਪਾਣੀ, ਸੀਵਰੇਜ ਵਿਵਸਥਾ ਅਤੇ ਸਫ਼ਾਈ ਮੁਹਿੰਮ ਨੂੰ ਠੀਕ ਕਰਨ ਲਈ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।ਇਹ ਵਿਚਾਰ ਹੁਸ਼ਿਆਰਪੁਰ ਦੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਮਾਰਕਿਟ ਕਮੇਟੀ ਹੁਸ਼ਿਆਰਪੁਰ ਦੇ ਦਫ਼ਤਰ ਵਿੱਚ ਅਨਾਜ ਮੰਡੀ ਅਤੇ ਸਬਜੀ ਮੰਡੀ ਤੋਂ ਇਲਾਵਾ ਇਲਾਕੇ ਦੀਆਂ ਹੋਰ ਮੰਡੀਆਂ ਤੋਂ ਆਏ ਆੜਤੀਆਂ ਨੂੰ ਸੰਬੋਧਨ ਕਰਦੇ ਹੋਏ ਪ੍ਰਗਟਾਏ।ਇਸ ਮੌਕੇ ਜ਼ਿਲ੍ਹਾ ਮੰਡੀ ਅਧਿਕਾਰੀ ਗੁਰਕ੍ਰਿਪਾਲ ਸਿੰਘ, ਮਾਰਕਿਟ ਕਮੇਟੀ ਦੇ ਸਕੱਤਰ ਵਿਨੋਦ ਸ਼ਰਮਾ, ਡਾ. ਪੰਕਜ ਸ਼ਿਵ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਕਿਸਾਨਾਂ ਅਤੇ ਵਪਾਰੀਆਂ ਨੂੰ ਹਰ ਸੰਭਵ ਸਹੂਲਤ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਉਹ ਇੱਥੇ ਸੇਵਾ ਲਈ ਆਏ ਹਨ ਅਤੇ ਉਨ੍ਹਾਂ ਦਾ ਯਤਨ ਰਹੇਗਾ ਕਿ ਹੁਸ਼ਿਆਰਪੁਰ ਦੀ ਮੁੱਖ ਅਨਾਜ ਮੰਡੀ ਅਤੇ ਸਬਜੀ ਮੰਡੀ ਤੋਂ ਇਲਾਵਾ ਇਲਾਕੇ ਦੀਆਂ ਹੋਰ ਮੰਡੀਆਂ ਨੂੰ ਰਾਜ ਦੀ ਇੱਕ ਆਧੁਨਿਕ ਮੰਡੀ ਦੇ ਰੂਪ ਵਿੱਚ ਵਿਕਸਿਤ ਕੀਤਾ ਜਾਵੇ। ਇਸ ਮੌਕੇ ਆੜਤੀਆਂ ਦੇ ਪ੍ਰਤੀਨਿਧਿ ਮੰਡਲ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੰਡੀ ਵਿੱਚ ਵਿਕ ਰਹੇ ਪਲਾਟਾਂ ਦੀ ਮੰਡੀ ਬੋਰਡ ਵੱਲੋਂ ਨਿਰਧਾਰਤ ਕੀਤੀ ਗਈ ਰਿਜ਼ਰਵ ਕੀਮਤ ਬਹੁਤ ਜ਼ਿਆਦਾ ਹੋਣ ਕਰਕੇ ਪਲਾਟ ਨਹੀਂ ਵਿਕ ਰਹੇ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਉਹ ਇਸ ਨੂੰ ਘਟਾਉਣ ਲਈ ਸਰਕਾਰ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨਗੇ।ਉਨ੍ਹਾਂ ਨੇ ਅਨਾਜ ਮੰਡੀ ਦੇ ਆੜਤੀਆਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਉਹ ਯਤਨ ਕਰਨਗੇ ਕਿ ਆੜਤੀਆਂ ਨੂੰ ਉਨ੍ਹਾਂ ਦੀ ਬਣਤੀ ਆੜਤ ਵਿੱਚ ਰਾਜ ਸਰਕਾਰ ਵੱਲੋਂ ਮਿਲਣ ਵਾਲੀ ਸਹਾਇਤਾ ਜਲਦੀ ਦਿਵਾਈ ਜਾਵੇ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਹੁਸ਼ਿਆਰਪੁਰ ਮਾਰਕਿਟ ਕਮੇਟੀ ਦੇ ਅਧੀਨ ਆਉਣ ਵਾਲੇ ਸਾਰੇ 22 ਸੈਂਟਰਾਂ ਵਿੱਚ ਵੀ ਕਿਸਾਨਾਂ ਨੂੰ ਆਧੁਨਿਕ ਸੁਵਿਧਾਵਾਂ ਪ੍ਰਦਾਨ ਕਰਨ ਲਈ ਸਰਕਾਰ ਕੋਲੋਂ ਅਰਜ਼ੀ ਪਾਈ ਜਾਵੇਗੀ। ਉਨ੍ਹਾਂ ਕਿਹਾ ਕਿ ਮਾਰਕਿਟ ਕਮੇਟੀ ਵੱਲੋਂ ਪਿੰਡਾਂ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕਿਸੇ ਵੀ ਰਾਜਨੀਤਿਕ ਭੇਦਭਾਵ ਤੋਂ ਬਿਨਾਂ ਕੀਤੇ ਜਾਣਗੇ।ਇਸ ਦੌਰਾਨ ਉਨ੍ਹਾਂ ਨੇ ਖੇਤੀ ਕੰਮ ਕਰਦੇ ਸਮੇਂ ਜ਼ਖ਼ਮੀ ਹੋਏ ਕਿਸਾਨਾਂ ਨੂੰ ਮਾਰਕਿਟ ਕਮੇਟੀ ਵੱਲੋਂ ਮਿਲਣ ਵਾਲੀ ਰਾਹਤ ਦੇ ਚੈੱਕ ਵੀ ਵੰਡੇ। ਇਸ ਤੋਂ ਪਹਿਲਾਂ ਉਨ੍ਹਾਂ ਦਾ ਮਾਰਕਿਟ ਕਮੇਟੀ ਦੇ ਦਫ਼ਤਰ ਪਹੁੰਚਣ 'ਤੇ ਆੜਤੀ ਐਸੋਸੀਏਸ਼ਨ ਅਨਾਜ ਮੰਡੀ ਅਤੇ ਸਬਜੀ ਮੰਡੀ ਅਤੇ ਮਾਰਕਿਟ ਕਮੇਟੀ ਦੇ ਅਧਿਕਾਰੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਰੋਹਿਤ ਸੂਦ ਹਨੀ, ਪ੍ਰਧਾਨ ਆੜਤੀ ਐਸੋਸੀਏਸ਼ਨ, ਸੁਧੀਰ ਸੂਦ, ਨਰਿੰਦਰ ਮੋਹਣ ਸ਼ਰਮਾ, ਜ਼ਿਲ੍ਹਾ ਮੰਡੀ ਅਧਿਕਾਰੀ ਗੁਰਕ੍ਰਿਪਾਲ ਸਿੰਘ, ਸਕੱਤਰ ਵਿਨੋਦ ਸ਼ਰਮਾਵੀ , ਰੋਹਿਤ ਸੂਦ ਹਨੀ, ਪ੍ਰਧਾਨ ਆੜਤੀ ਐਸੋਸੀਏਸ਼ਨ, ਸੁਹੀਰ ਸੂਦ ਤੇ ਨਰਿੰਦਰ ਮੋਹਣ ਸ਼ਰਮਾ ਹਾਜ਼ਰ ਸਨ

ਸ਼ਰਾਰਤੀ ਅਨਸਰਾਂ ਵੱਲੋਂ ਤੇਜ਼ਧਾਰ ਹਥਿਆਰਾਂ ਨਾਲ ਘਰ 'ਤੇ ਹਮਲਾ

ਆਦਮਪੁਰ, (ਪਰਮਜੀਤ ਸਿੰਘ)- ਆਦਮਪੁਰ ਦੇ ਨੇੜਲੇ ਪਿੰਡ ਡਰੋਲੀ ਖੁਰਦ ਵਿਖੇ ਪਿਛਲੀ ਰਾਤ ਕਰੀਬ 12 ਵਜੇ ਤੇਜ਼ਧਾਰ ਹਥਿਆਰਾਂ ਨਾਲ ਲੈਸ ਤਿੰਨ ਅਣਪਛਾਤੇ ਨੌਜਵਾਨਾਂ ਵੱਲੋਂ ਪਿੰਡ ਡਰੋਲੀ ਖੁਰਦ ਦੇ ਰਹਿਣ ਵਾਲੇ ਦਿਲਾਵਰ ਸਿੰਘ ਪੁੱਤਰ ਸਾਧੂ ਸਿੰਘ ਦੇ ਘਰ ਉਪਰ ਹਮਲਾ ਕਰ ਦਿੱਤਾ।ਘਟਨਾ ਬਾਰੇ ਜਾਣਕਾਰੀ ਦਿੰਦਿਆਂ ਦਿਲਾਵਰ ਸਿੰਘ ਵਾਸੀ ਡਰੋਲੀ ਕਲਾਂ ਨੇ ਦੱਸਿਆ ਕਿ ਮੈਂ ਅਤੇ ਮੇਰੀ ਪਤਨੀ ਇਸ ਮਕਾਨ ਵਿੱਚ ਇਕੱਲੇ ਰਹਿੰਦੇ ਹਾਂ। ਪਿਛਲੀ ਰਾਤ ਕਰੀਬ 12 ਵਜੇ ਤਿੰਨ ਅਣਪਛਾਤੇ ਨੌਜਵਾਨ ਸਪਲੈਂਡਰ ਮੋਟਰਸਾਈਕਲ 'ਤੇ ਸਾਡੀ ਗਲੀ ਵਿੱਚ ਆਏ ਉਹ ਪਹਿਲਾਂ ਸਾਡੇ ਘਰ ਤੋਂ ਅੱਗੇ ਨਿਕਲ ਗਏ ਪਰ ਫਿਰ ਉਹ ਫੋਨ 'ਤੇ ਕਿਸੇ ਨਾਲ ਗੱਲ ਕਰ ਰਹੇ ਸਨ ਸਾਨੂੰ ਲੱਗਦਾ ਹੈ ਕਿ ਫੋਨ 'ਤੇ ਕਿਸੇ ਨੇ ਉਹਨਾਂ ਨੂੰ ਸਾਡੇ ਘਰ ਦੀ ਜਾਣਕਾਰੀ ਦਿੱਤੀ ਤਾਂ ਤੁਰੰਤ ਹੀ ਉਹ ਅੱਗਿਓਂ ਪਿੱਛੇ ਨੂੰ ਮੁੜੇ ਅਤੇ ਸਾਡੇ ਘਰ ਅੱਗੇ ਲੱਗੇ ਗੇਟ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਇਹ ਸਾਰੀ ਘਟਨਾ ਸਾਡੇ ਘਰ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਰਿਕਾਰਡ ਹੋ ਗਈ।ਉਹਨਾਂ ਕਿਹਾ ਕਿ ਸਾਡੇ ਵੱਲੋਂ ਇਸ ਮਾਮਲੇ ਸੰਬੰਧੀ ਇੱਕ ਦਰਖਾਸਤ ਆਦਮਪੁਰ ਪੁਲਸ ਨੂੰ ਦਿੱਤੀ ਗਈ ਹੈ ਅਤੇ ਪੁਲਸ ਪ੍ਰਸ਼ਾਸਨ ਨੂੰ ਬੇਨਤੀ ਕਰਦੇ ਹਾਂ ਕਿ ਸਾਨੂੰ ਇਨਸਾਫ ਦਵਾਇਆ ਜਾਵੇ ਅਤੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ ਅਤੇ ਸਾਡੀ ਜਾਨ ਮਾਲ ਦੀ ਰਾਖੀ ਕੀਤੀ ਜਾਵੇ। ਇਸ ਸਬੰਧੀ ਜਾਂਚ ਅਧਿਕਾਰੀ ਏ ਐਸ ਆਈ ਗੁਰਮੀਤ ਸ਼ੁਕਲਾ ਦਾ ਕਹਿਣਾ ਹੈ ਕਿ ਦਿਲਾਵਰ ਸਿੰਘ ਵੱਲੋਂ ਇੱਕ ਦਰਖਾਸਤ ਹਮਲੇ ਸੰਬੰਧੀ ਆਦਮਪੁਰ ਪੁਲਸ ਨੂੰ ਦਿੱਤੀ ਗਈ ਹੈ ਅਤੇ ਪੁਲਸ ਵੱਲੋਂ ਇਸ ਘਟਨਾ ਸੰਬੰਧੀ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਬਹੁਤ ਜਲਦ ਦੋਸ਼ੀਆਂ ਨੂੰ ਫੜ ਉਹਨਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।



ਭਾਈ ਸੁਖਜੀਤ ਸਿੰਘ ਮਿਨਹਾਸ ਨੇ ਕੈਬਨਿਟ ਮੰਤਰੀ ਨਾਲ ਕੀਤੀ ਮੁਲਾਕਾਤ

ਮੇਹਟੀਆਣਾ, ਆਦਮਪੁਰ (ਜਗਤਾਰ ਸਿੰਘ ਭੁੰਗਰਨੀ, ਪਰਮਜੀਤ ਸਿੰਘ)

ਬੀਤੇ ਦਿਨੀਂ ਐੱਨ ਆਰ ਆਈ ਸਭਾ ਪੰਜਾਬ ਦੇ ਪ੍ਰਧਾਨ ਸ਼੍ਰੀਮਤੀ ਪਰਮਿੰਦਰ ਕੌਰ ਬੰਗਾ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਅਗਵਾਈ ਵਿੱਚ ਐਨ ਆਰ ਆਈ ਵੀਰਾਂ-ਭੈਣਾਂ ਨੂੰ ਪੰਜਾਬ ਪ੍ਰਤੀ ਜੋੜਨ ਅਤੇ ਐਨ ਆਰ ਆਈਜ਼ ਨੂੰ ਆ ਰਹੀਆਂ ਮੁਸ਼ਕਲਾਂ ਦੇ ਉਪਰਾਲੇ ਲਈ ਉਚ ਕੋਟੀ ਦੇ ਵਿਦਵਾਨਾਂ ਨੂੰ ਨਾਲ਼ ਲੇ ਕੇ ਉੱਚ ਪੱਧਰੀ ਦੋ ਰੋਜ਼ਾ ਮੀਟਿੰਗ ਰੱਖੀ ਗਈ। ਜਿਸ ਵਿੱਚ ਵਿਸ਼ੇਸ਼ ਕਰਕੇ ਬਤੌਰ ਮੁੱਖ ਮਹਿਮਾਨ ਵਜੋਂ ਕੁਲਦੀਪ ਸਿੰਘ ਧਾਲੀਵਾਲ ਕੈਬਨਿਟ ਮੰਤਰੀ ਪੰਜਾਬ ਸਰਕਾਰ ਨਾਲ ਗੁਰਪ੍ਰੀਤ ਸਿੰਘ ਤੂਰ ਐਕਸ ਡੀ ਆਈ ਜੀ ਪੰਜਾਬ ਪੁਲਸ ਨੇ ਸ਼ਿਰਕਤ ਕੀਤੀ।ਜਿਨ੍ਹਾਂ ਦੇ ਵਿਚਾਰ ਸੁਣਨ ਉਪਰੰਤ ਸੇਵਾਦਾਰ ਭਾਈ ਸੁਖਜੀਤ ਸਿੰਘ ਮਿਨਹਾਸ ਨੇ ਮਾਨਵਤਾ ਦੀ ਸੱਚੀ ਸੁੱਚੀ ਸੇਵਾ ਵਿੱਚ ਆਪਣੇ ਵੱਲੋਂ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਡਰੋਲੀ ਕਲਾਂ ਦੇ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਦੀ ਅਗਵਾਈ ਵਿੱਚ ਚਲਾਈਆਂ ਜਾ ਰਹੀਆਂ ਸੇਵਾਵਾਂ ਤੋਂ ਜਾਣੂ ਕਰਵਾਇਆ।

ਹਰਿਆਣਾ ਦਾ ਵਿਕਾਸ ਤੇਜ਼ੀ ਨਾਲ ਕੀਤਾ ਜਾ ਰਿਹੈ : ਸੈਣੀ

ਚੰਡੀਗੜ੍ਹ, (ਗੁਰਜੀਤ ਬਿਲਾ)

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵਿਰੋਧੀਆਂ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਵਿਚ ਭਾਈ-ਭਤੀਜਾਵਾਦ, ਖੇਤਰਵਾਦ ਦਾ ਬੋਲਬਾਲਾ ਸੀ, ਜਿਸ ਖੇਤਰ ਦਾ ਮੁੱਖ ਮੰਤਰੀ ਹੁੰਦਾ ਸੀ, ਉੱਥੇ ਵਿਕਾਸ ਕੰਮ ਹੁੰਦੇ ਸਨ ਅਤੇ ਹੋਰ ਖੇਤਰਾਂ ਵਿਚ ਵਿਕਾਸ ਕਾਫੀ ਦੂਰ ਸੀ।ਭਾਜਪਾ ਸਰਕਾਰ ਨੇ ਇਸ ਰਵਾਇਤ ਨੂੰ ਜੜ੍ਹੋਂ ਖਤਮ ਕਰਨ ਦਾ ਕੰਮ ਕੀਤਾ ਹੈ। ਮੌਜੂਦਾ ਸਰਕਾਰ ਹਰੇਕ ਖੇਤਰ ਦਾ ਬਰਾਬਰ ਵਿਕਾਸ ਯਕੀਨੀ ਕਰ ਰਹੀ ਹੈ। ਵਿਕਾਸ ਸੂਬੇ ਵਿਚ ਚਾਰੋਂ ਪਾਸੇ ਤੇਜ਼ੀ ਨਾਲ ਚਲ ਰਿਹਾ ਹੈ।ਕੋਈ ਵੀ ਖੇਤਰ ਹੁਣ ਵਿਕਾਸ ਤੋਂ ਦੂਰ ਨਹੀਂ ਹੈ। ਸੜਕਾਂ ਦਾ ਜਾਲ ਵਿਛਾਉਣ ਦਾ ਕੰਮ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਅੱਜ ਜ਼ਿਲ੍ਹਾ ਅੰਬਾਲਾ ਦੇਬਰਾੜਾ ਵਿਚ ਆਯੋਜਿਤ ਪ੍ਰੋਗਰਾਮ ਵਿਚ ਲੋਕਾਂ ਨੂੰ ਸੰਬੋਧਤ ਕਰ ਰਹੇ ਸਨ। ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੇਂਦਰ ਤੇ ਸੂਬੇ ਵਿਚ ਡਬਲ ਇੰਜਨ ਦੀ ਸਰਕਾਰ ਪੂਰੇ ਸੂਬੇ ਵਿਚ ਬਰਾਬਰ ਵਿਕਾਸ ਕੰਮਾਂ ਨੂੰ ਕਰਵਾਉਣ ਦਾ ਕੰਮ ਕਰ ਰਹੀ ਹੈ।ਵਿਕਾਸ ਕੰਮਾਂ ਲਈ ਪੈਸੇ ਦੀ ਕੋਈ ਕਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਅੱਜ ਦਾ ਨੌਜੁਆਨਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਨੌਕਰੀ ਮਿਲ ਰਹੀ ਹੈ। ਨੌਜੁਆਨਾਂ ਦਾ ਸਰਕਾਰ ਪ੍ਰਤੀ ਭਰੋਸਾ ਵੱਧਿਆ ਹੈ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਾਲ 2047 ਤਕ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਦਾ ਜੋ ਸੰਕਲਪ ਕੀਤਾ ਹੈ, ਉਸ ਨੂੰ ਅਸੀਂ ਮਿਲ ਕੇ ਪੂਰਾ ਕਰਨਾ ਹੈ। ਅੱਜ ਕੇਂਦਰ ਤੇ ਸੂਬਾ ਸਰਕਾਰ ਦੀ ਭਲਾਈ ਯੋਜਨਾਵਾਂ ਦਾ ਫਾਇਦਾ ਸਿੱਧੇ ਲੋਕਾਂ ਨੂੰ ਮਿਲ ਰਿਹ ਹੈ। ਆਨਲਾਇਨ ਪ੍ਰਕ੍ਰਿਆ ਨਾਲ ਕੰਮਾਂ ਵਿਚ ਪਾਰਦਰਸ਼ਤਾ ਆਈ ਹੈ ਅਤੇ ਲੋਕਾਂ ਨੂੰ ਸਮੇਂ ਰਹਿਦੇ ਯੋਜਨਾਵਾਂ ਦਾ ਫਾਇਦਾ ਹੋ ਰਹੀ ਹੈ।ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸੂਬਾ ਸਰਕਾਰ ਨੇ ਆਪਣੇ 100 ਦਿਨ ਦੇ ਸਮੇਂ ਵਿਚ ਸੰਕਲਪ ਪੱਤਰ ਦੇ ਐਲਾਨਾਂ ਨੂੰ ਪੂਰਾ ਕਰਨ ਦਾ ਕੰਮ ਕੀਤਾ ਹੈ। ਅੱਜ ਸਰਕਾਰੀ ਹਸਪਤਾਲਾਂ ਤੇ ਨਿੱਜੀ ਸੰਸਥਾਨਾਂ ਵਿਚ ਡਾਇਲਸੀਸ ਦੀ ਮੁਫਤ ਸਹੂਲਤ ਮਿਲ ਰਹੀ ਹੈ। ਮਹਿਲਾ ਸਸ਼ਕਤੀਕਰਣ ਲਈ ਵੀ ਲਗਾਤਾਰ ਕੰਮ ਕੀਤੇ ਗਏ ਹਨ।

ਖਾਲਸਾ ਕਾਲਜ ਦਾ ਬੀ ਐੱਸ ਸੀ ਪੰਜਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ

ਗੜ੍ਹਸ਼ੰਕਰ (ਫੁਲਾ ਸਿੰਘ ਬੀਰਮਪੁਰ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦਾ ਬੀ ਐੱਸ ਸੀ ਪੰਜਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਬੀ ਐੱਸ ਸੀ ਪੰਜਵੇਂ ਸਮੈਸਟਰ (ਮੈਡੀਕਲ/ਨਾਨ ਮੈਡੀਕਲ) ਦੇ ਨਤੀਜੇ 'ਚ ਵਿਦਿਆਰਥੀ ਰਵੀ ਸੀਹਰਾ ਨੇ 77 ਫੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਹੈ। ਵਿਦਿਆਰਥਣ ਕੁਲਦੀਪ ਕੌਰ ਨੇ 73.19 ਫੀਸਦੀ ਅੰਕ ਲੈ ਕੇ ਦੂਜਾ, ਕਿਰਨਦੀਪ ਕੌਰ ਨੇ 72.34 ਫੀਸਦੀ ਅੰਕ ਲੈ ਕੇ ਤੀਜਾ ਸਥਾਨ 'ਤੇ ਸੋਹਾਨੀ ਨੇ 68 ਫੀਸਦੀ ਅੰਕ ਲੈ ਕੇ ਚੌਥਾ ਸਥਾਨ ਹਾਸਲ ਕੀਤਾ ਹੈ।ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਸ਼ਾਨਦਾਰ ਨਤੀਜੇ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੱਤੀ।

ਗੈਰ-ਸੰਚਾਰੀ ਰੋਗਾਂ ਲਈ ਚੱਲੇਗੀ ਖਾਸ ਜਾਂਚ ਮੁਹਿੰਮ : ਡਾ. ਗਿੱਲ

ਬੁਲੋਵਾਲ, (ਵਿਰਦੀ)

ਸਿਵਲ ਸਰਜਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਪੀ ਐਚ ਸੀ ਚੱਕੋਵਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਤਿੰਦਰ ਸਿੰਘ ਗਿੱਲ ਦੀ ਅਗਵਾਈ ਵਿੱਚ ਐੱਨ ਸੀ ਡੀ ਅਤੇ 100 ਰੋਜ਼ਾ ਟੀਬੀ ਮੁਕਤ ਮੁਹਿੰਮ ਤਹਿਤ ਪਿੰਡਾਂ ਦੀਆਂ ਪੰਚਾਇਤਾਂ ਅਤੇ ਅਰੋਗਿਆ ਕੇਂਦਰ ਤੇ ਸੀ ਐਚ ਓ 30 ਸਾਲ ਤੋਂ ਵੱਧ ਦੇ ਸਾਰੇ ਵਿਅਕਤੀਆਂ ਦੀ ਜਾਂਚ ਕਰਨਗੇ।ਜੇਕਰ ਕਿਸੇ ਨੂੰ ਬਿਮਾਰੀ ਨਿਕਲਦੀ ਹੀ ਜਾਂ ਸ਼ੱਕੀ ਲੱਗਦਾ ਹੈ ਤਾਂ ਉਸਦਾ ਇਲਾਜ ਸ਼ੁਰੂ ਕੀਤਾ ਜਾਵੇਗਾ।ਡਾ. ਗਿੱਲ ਨੇ ਦੱਸਿਆ ਕਿ ਸਰਕਾਰ ਅਤੇ ਸਿਹਤ ਵਿਭਾਗ ਦਾ ਇਹ ਟੀਚਾ ਹੈ ਕਿ ਇਹਨਾਂ ਗੈਰ ਸੰਚਾਰੀ ਰੋਗਾਂ ਦੀ ਸਮੇਂ ਸਿਰ ਜਾਂਚ ਕਰਕੇ ਇਲਾਜ ਸ਼ੁਰੂ ਕੀਤਾ ਜਾਵੇ ਤਾਂ ਕਿ ਬਿਮਾਰੀ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਅ ਕੀਤਾ ਜਾ ਸਕੇ।ਇਸ ਲਈ ਪਿੰਡਾਂ ਵਿਚ ਬਣਾਈਆਂ ਪੇਂਡੂ ਸਿਹਤ ਸਫਾਈ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਪੰਚਾਇਤ ਮੈਂਬਰਾਂ ਨਾਲ ਵੀ ਸਿਹਤ ਮੁਲਾਜ਼ਮਾਂ ਵੱਲੋਂ ਮੀਟਿੰਗਾਂ ਕਰਕੇ ਉਹਨਾਂ ਦੇ ਸਹਿਯੋਗ ਦੀ ਮੰਗ ਕੀਤੀ ਜਾ ਰਹੀ ਹੈ, ਕਿਉਂਕਿ ਲੋਕਾਂ ਦੇ ਸਹਿਯੋਗ ਨਾਲ ਹੀ ਇਹ ਪ੍ਰੋਗਰਾਮ ਨੇਪਰੇ ਚਾੜ੍ਹਿਆ ਜਾ ਸਕਦਾ ਹੈ।ਇਸ ਮੌਕੇ ਸੰਜੀਵ ਧਰਵਾਲ ਨੇ ਦੱਸਿਆ ਕਿ ਜ਼ਿਲ੍ਹਾ ਟੀਬੀ ਅਫ਼ਸਰ ਡਾ. ਸ਼ਕਤੀ ਸ਼ਰਮਾ ਦੇ ਨਿਰਦੇਸ਼ਾਂ ਤੇ 100 ਰੋਜ਼ਾ ਟੀਬੀ ਮੁਕਤ ਮੁਹਿੰਮ ਵੀ ਚਲਾਈ ਜਾ ਰਹੀ ਹੈ, ਜਿਸ ਦੌਰਾਨ 24 ਮਾਰਚ ਤੱਕ ਟੀਬੀ ਦੇ ਸ਼ੱਕੀ ਮਰੀਜ਼ਾਂ ਦੇ ਮੁਫ਼ਤ ਟੈਸਟ ਕਰਵਾ ਕੇ ਮਿਲੇ ਮਰੀਜ਼ਾਂ ਦਾ ਇਲਾਜ ਸ਼ੁਰੂ ਕੀਤਾ ਜਾਵੇਗਾ ਤਾਂ ਕਿ ਟੀਬੀ ਖਾਤਮੇ ਲਈ ਸਰਕਾਰ ਦੇ ਯਤਨ ਪੂਰੇ ਹੋ ਸਕਣ।

ਸ੍ਰੀ ਕੁੰਦਨ ਲਾਲ ਰਾਮਲੀਲ੍ਹਾ ਕਲੱਬ (ਰਜਿ.) ਲੋਹੀਆਂ ਖਾਸ ਵੱਲੋਂ ਪ੍ਰਚੀਨ ਸ਼ਿਵ ਮੰਦਰ 'ਚ ਸ਼ਿਵਰਾਤਰੀ ਮੌਕੇ ਸ਼ਾਮਲ ਮਾਤਾ ਕਮਲੇਸ਼, ਸਨਿਆਰ ਆਰਟਿਸਟ ਪ੍ਰੇਮ ਕੁਮਾਰ ਟਾਰਗਟ, ਮਨੀਸ਼ ਕੁਮਾਰ, ਗੌਰਵ ਸੱਦੀ, ਸ਼ੁਭਮ ਸ਼ਰਮਾ, ਯੋਗੇਸ਼ਵਰ ਸ਼ਰਮਾ ਤੇ ਹੋਰ ਮੈਂਬਰ।
**(